# ਪੰਜਾਬੀ ਪਾਠ-ਪੁਸਤਕ-4

## ਚੌਥੀ ਸ਼੍ਰੇਣੀ ਲਈ

### ( ਦੂਜੀ ਭਾਸ਼ਾ )


**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

**ਐਡੀਸ਼ਨ 2016.................... 16,900 ਕਾਪੀਆਂ**

All rights, including those of translation, reproduction
and annotation etc., are reserved by the
Punjab Government.

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ: 7 ਅਨੁਸਾਰ)।
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਮੁੱਲ : 31- 00 ਰੁਪਏ**

**ਸਕੱਤਰ,** ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਕਨਵਿਨੀਏਂਟ ਪ੍ਰਿੰਟਰਜ਼ , ਜਲੰਧਰ ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਰਾਜ ਦੀ ਸਕੂਲ–ਸਿੱਖਿਆ ਦੇ ਸੰਬੰਧ ਵਿੱਚ ਜਿਹੜੇ ਬਹੁ–ਪੱਖੀ ਵਿੱਦਿਅਕ ਕਾਰਜ ਕੀਤੇ ਜਾਂਦੇ ਹਨ, ਉਹਨਾਂ ਵਿੱਚੋਂ ਇੱਕ ਮਹੱਤਵਪੂਰਨ ਕਾਰਜ ਸਿੱਖਿਆ–ਕ੍ਰਮ ਦੀ ਲੋਅ ਵਿੱਚ ਪਾਠ–ਕ੍ਰਮ ਨਿਰਧਾਰਿਤ ਕਰਨਾ ਅਤੇ ਇਸ ਅਨੁਸਾਰ ਪਾਠ–ਪੁਸਤਕਾਂ ਤਿਆਰ ਕਰਕੇ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਉਣਾ ਹੈ। ਹਥਲੀ ਪਾਠ–ਪੁਸਤਕ P.C.F., 2013 ਦੀਆਂ ਸਿਫ਼ਾਰਸ਼ਾਂ ਅਧੀਨ ਤਿਆਰ ਕੀਤੀ ਗਈ ਹੈ।

ਇਹਨਾਂ ਪਾਠ–ਪੁਸਤਕਾਂ ਨੂੰ ਸਮੇਂ–ਸਮੇਂ 'ਤੇ ਸੋਧਿਆ ਜਾਂਦਾ ਹੈ ਤੇ ਇੱਕ ਅੰਤਰਾਲ ਪਿੱਛੋਂ ਦੇਸ ਅਤੇ ਸਮਾਜ ਵਿੱਚ ਹੋਈ ਤਰੱਕੀ ਅਤੇ ਤਬਦੀਲੀਆਂ ਦੇ ਸਨਮੁੱਖ ਨਵੀਂਆਂ ਪਾਠ–ਪੁਸਤਕਾਂ ਤਿਆਰ ਕੀਤੀਆਂ ਜਾਂਦੀਆਂ ਹਨ ਜੋ ਕਿ ਇੱਕ ਨਿਰੰਤਰ ਪ੍ਰਕਿਰਿਆ ਹੈ।

ਪੰਜਾਬੀ ਵਿਸ਼ੇ ਦੀਆਂ ਪਾਠ–ਪੁਸਤਕਾਂ ਵਿੱਚ ਵਿਦਿਆਰਥੀਆਂ ਦੀਆਂ ਰੁਚੀਆਂ ਅਤੇ ਵਿਕਾਸ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਡੇ ਅਮੀਰ ਸੱਭਿਆਚਾਰਿਕ ਵਿਰਸੇ ਅਤੇ ਸਮਾਜਿਕ ਵਿਕਾਸ ਨੂੰ ਪ੍ਰਗਟਾਉਂਦੀ ਅਜਿਹੀ ਪਾਠ–ਸਮਗਰੀ ਦੇਣ ਦੀ ਕੋਸ਼ਸ਼ ਕੀਤੀ ਗਈ ਹੈ ਜਿਸ ਨਾਲ਼ ਵਿਦਿਆਰਥੀਆਂ ਨੂੰ ਭਾਸ਼ਾ–ਚੱਜ ਸਿਖਾਉਣ ਦੇ ਨਾਲ਼–ਨਾਲ਼ ਉਸਾਰੂ ਕਦਰਾਂ–ਕੀਮਤਾਂ ਵੀ ਧਾਰਨ ਕਰਵਾਈਆਂ ਜਾ ਸਕਣ। ਹਥਲੀ ਪਾਠ–ਪੁਸਤਕ ਵਿੱਚ ਪਾਠ–ਸਮਗਰੀ ਨੂੰ ਵਿਦਿਆਰਥੀਆਂ ਦੇ ਸਮਾਜਿਕ ਤੇ ਪ੍ਰਕਿਰਤਿਕ ਵਾਤਾਵਰਨ ਅਨੁਸਾਰ ਢਾਲ਼ਿਆ ਗਿਆ ਹੈ।

ਇਸ ਪਾਠ–ਪੁਸਤਕ ਨੂੰ ਦਫ਼ਤਰੀ ਪੱਧਰ ਉੱਤੇ ਵਿਸ਼ਾ–ਮਾਹਰ ਪਰਮਿੰਦਰ ਕੌਰ ਨੇ ਡਾਇਰੈਕਟਰ ਅਕਾਦਮਿਕ ਸ੍ਰੀਮਤੀ ਅਮ੍ਰਿਤਾ ਗਿੱਲ ਅਤੇ ਉਪ–ਡਾਇਰੈਕਟਰ ਸ੍ਰੀਮਤੀ ਮਨਜੀਤ ਕੌਰ ਦੀ ਨਿਗਰਾਨੀ ਹੇਠ ਸ੍ਰੀ ਜਸਵੀਰ ਸਿੰਘ ਲੰਗੜੋਆ, ਡਾ.ਬ਼ਲਜੀਤ ਕੌਰ, ਡਾ. ਵਰਿੰਦਰਜੀਤ ਵਾਤਿਸ਼ ਅਤੇ ਸ੍ਰੀ ਸਰਬਜੀਤ ਸਿੰਘ ਬੇਦੀ ਨੇ ਤਿਆਰ ਕੀਤਾ ਹੈ। ਇਸ ਪੁਸਤਕ ਨੂੰ ਤਿਆਰ ਕਰਦਿਆਂ ਖੇਤਰੀ ਅਤੇ ਦਫ਼ਤਰੀ ਪੱਧਰ 'ਤੇ ਹੋਰ ਵਿਦਵਾਨ ਅਧਿਆਪਕਾਂ ਨਾਲ਼ ਵੀ ਵਿਚਾਰ–ਵਟਾਂਦਰਾ ਕੀਤਾ ਗਿਆ ਹੈ।

ਇਸ ਪਾਠ–ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਅਧਿਆਪਕਾਂ ਅਤੇ ਮਾਪਿਆਂ ਦੇ ਸੁਝਾਵਾਂ ਦਾ ਸੁਆਗਤ ਕੀਤਾ ਜਾਵੇਗਾ।

**ਚੇਅਰਪਰਸਨ**

**ਪੰਜਾਬ ਸਕੂਲ ਸਿੱਖਿਆ ਬੋਰਡ**

# ਪਾਠ- ਸੂਚੀ

## ਭਾਗ ਪਹਿਲਾ


| ਲੜੀ ਨੰ: | ਪਾਠ | ਪੰਨਾ |
|---|---|---|
| 1. | ਵਰਨ-ਮਾਲਾ | 1 |
| 2. | ਵਰਨ-ਮਾਲਾ ਪੂਰੀ ਕਰੋ | 2 |
| 3. | ਪਛਾਣੋ ਤੇ ਪੜ੍ਹੋ | 3 |
| 4. | ਪੰਜਾਬੀ ਅੱਖਰ ਲਿਖਣ ਦੀ ਵਿਧੀ | 4 |
| 5. | ਮੁਕਤਾ | 8 |
| 6. | ਅਧਕ | 9 |
| 7. | ਕੰਨਾ | 10 |
| 8. | ਸਿਹਾਰੀ | 11 |
| 9. | ਬਿਹਾਰੀ | 12 |
| 10. | ਔਂਕੜ | 13 |
| 11. | ਦੁਲੈਂਕੜ | 14 |
| 12. | ਲਾਂ | 15 |
| 13. | ਦੁਲਾਵਾਂ | 16 |
| 14. | ਹੋੜਾ | 17 |
| 15. | ਕਨੌੜਾ | 18 |
| 16. | ਟਿੱਪੀ | 19 |
| 17. | ਬਿੰਦੀ | 20 |
| 18. | ਪੈਰ 'ਹਾਹਾ' ਅਤੇ ਪੈਰ 'ਰਾਰਾ' | 21 |
| 19. | ਮੁਹਾਰਨੀ | 22 |
| 20. | ਦੇਵਨਾਗਰੀ ਅਤੇ ਗੁਰਮੁਖੀ ਲਿਪੀ ਦੇ ਅੱਖਰ | 24 |
| 21. | ਦੇਵਨਾਗਰੀ ਅਤੇ ਗੁਰਮੁਖੀ ਵਿੱਚ ਸ੍ਵਰ-ਅੰਕਿਤ ਕਰਨ ਦੀਆਂ ਉਦਾਹਰਨਾਂ | 25 |
| 22. | 'ਕ' ਅੱਖਰ ਨੂੰ ਮਾਤਰਾਵਾਂ ਲਾਉਣ ਦੀਆਂ ਉਦਾਹਰਨਾਂ | 26 |

# ਪਾਠ-ਸੂਚੀ

## ਭਾਗ ਦੂਜਾ


| ਲੜੀ ਨੰ: | ਪਾਠ | | ਪੰਨਾ |
|---|---|---|---|
| 1. | ਸਵੇਰ ਦੀ ਸਭਾ (ਕਵਿਤਾ) | ਸੁਖਬੀਰ ਸਿੰਘ ਖੁਰਮਣੀਆਂ | 27 |
| 2. | ਘੋਟਣੇ ਦੀ ਖੀਰ (ਲੋਕ-ਕਹਾਣੀ) | ਕੋਮਲ ਸਿੰਘ | 29 |
| 3. | ਰੱਸੀ-ਟੱਪਾ (ਲੋਕ-ਖੇਡ) | ਪਰਮਿੰਦਰ ਕੌਰ | 33 |
| 4. | ਗੁਣਵਾਨ ਕਹਾਓ (ਕਵਿਤਾ) | ਜਸਵੀਰ ਸਿੰਘ ਲੰਗੜੋਆ | 36 |
| 5. | ਕਲੰਡਰ (ਜਾਣਕਾਰੀ) | ਡਾ.ਬਲਜੀਤ ਕੌਰ | 38 |
| 6. | ਲੱਲੋ ਤੇ ਬੱਲੋ ਦਾ ਨਾਨਕਾ-ਮੇਲ਼ (ਕਹਾਣੀ) | ਦੇਵਨੀਤ | 40 |
| 7. | ਪਾਣੀ ਦੀ ਸੰਭਾਲ਼ (ਕਵਿਤਾ) | ਸੁਨੀਲਮ ਮੰਡ | 44 |
| 8. | ਮੋਰ ਰਾਜਾ ਬਣਿਆ (ਕਹਾਣੀ) | ਡਾ. ਗੁਰਮੀਤ ਸਿੰਘ ਬੈਦਵਾਣ | 46 |
| 9. | ਪਿਆਰੇ ਪੰਛੀ (ਕਵਿਤਾ) | ਡਾ. ਵਰਿੰਦਰਜੀਤ ਵਾਤਿਸ਼ | 49 |
| 10. | ਸਾਈਕਲ ਨਾਲ਼ ਦੋਸਤੀ (ਕਹਾਣੀ) | ਤਰਸੇਮ | 51 |
| 11. | ਮੇਰੇ ਦਾਦੀ ਜੀ (ਲੇਖ) | ਅਮਿਤੋਜ | 55 |
| 12. | ਚੌਕ ਦੀਆਂ ਬੱਤੀਆਂ (ਕਵਿਤਾ) | ਕੋਮਲ ਸਿੰਘ | 57 |
| 13. | ਮੇਰੀ ਪਹਿਲੀ ਕਮਾਈ (ਕਹਾਣੀ) | ਜਸਬੀਰ ਭੁੱਲਰ | 59 |

# ਪਾਠ-ਪੁਸਤਕ ਪੜ੍ਹਾਉਣ ਸੰਬੰਧੀ ਅਧਿਆਪਕਾਂ ਅਤੇ ਮਾਪਿਆਂ ਲਈ ਸੁਝਾਅ

ਪੰਜਾਬੀ ਦੀ ਪਾਠ-ਪੁਸਤਕ-4 (ਦੂਜੀ ਭਾਸ਼ਾ) ਨੂੰ ਪੜ੍ਹਾਉਣ ਸਮੇਂ ਹੇਠ ਲਿਖੇ ਸੁਝਾਵਾਂ ਨੂੰ ਧਿਆਨ ਵਿੱਚ ਰੱਖਣਾ, ਪੜ੍ਹਾਉਣ ਅਤੇ ਸਿੱਖਣ ਪ੍ਰਕਿਰਿਆ ਪੱਖੋਂ ਲਾਹੇਵੰਦ ਹੋਵੇਗਾ।

ਵਿਦਿਆਰਥੀਆਂ ਨੇ ਚੌਥੀ ਸ਼੍ਰੇਣੀ ਤੱਕ ਕਿਸੇ ਇੱਕ ਭਾਸ਼ਾ ਨੂੰ ਪਹਿਲੀ ਭਾਸ਼ਾ ਵਜੋਂ ਪੜ੍ਹਿਆ ਹੈ। ਹੁਣ ਉਸ ਨੇ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਨ, ਲਿਖਣ ਅਤੇ ਬੋਲਣ ਦੀ ਜਾਚ ਸਿੱਖਣੀ ਹੈ। ਪਾਠ-ਕ੍ਰਮ ਵਿੱਚ ਇਸ ਸ਼੍ਰੇਣੀ ਨੂੰ ਪੰਜਾਬੀ (ਦੂਜੀ ਭਾਸ਼ਾ) ਪੜ੍ਹਾਉਣ ਦੇ ਹੇਠ ਲਿਖੇ ਉਦੇਸ਼ ਨਿਸ਼ਚਿਤ ਕੀਤੇ ਗਏ ਹਨ:

## ਪੜ੍ਹਨਾ

(ੳ) ਵਿਦਿਆਰਥੀ ਗੁਰਮੁਖੀ ਵਰਨ-ਮਾਲਾ ਨੂੰ ਪਛਾਣ ਸਕੇ ਤੇ ਪੜ੍ਹ ਸਕੇ।

(ਅ) ਗੁਰਮੁਖੀ ਅੱਖਰਾਂ ਨੂੰ ਦੇਵਨਾਗਰੀ ਅੱਖਰਾਂ ਨਾਲ਼ੋਂ ਨਿਖੇੜ ਕੇ ਪੜ੍ਹ ਸਕੇ।

(ੲ) ਗੁਰਮੁਖੀ ਅੱਖਰਾਂ ਨੂੰ ਲੱਗਦੀਆਂ ਲਗਾਂ-ਮਾਤਰਾਂ ਨੂੰ ਪਛਾਣ ਸਕੇ ਤੇ ਪੜ੍ਹ ਸਕੇ।

(ਸ) ਅਰੰਭ ਵਿੱਚ ਸ਼ਬਦ ਅਤੇ ਫਿਰ ਨਿੱਕੇ-ਨਿੱਕੇ ਵਾਕ ਅਤੇ ਪੈਰੇ ਪੜ੍ਹ ਸਕੇ।

(ਹ) ਵਿਦਿਆਰਥੀ ਪੰਜਾਬੀ ਦੀਆਂ ਸਰਲ ਅਤੇ ਸੰਖੇਪ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਪੜ੍ਹ ਸਕੇ।

(ਕ) ਉਹ ਪੰਜਾਬੀ ਦੇ ਬਾਲ-ਰਿਸਾਲੇ, ਇਸ਼ਤਿਹਾਰ, ਅਖ਼ਬਾਰ, ਚਿੱਠੀ-ਪੱਤਰ ਆਦਿ ਪੜ੍ਹ ਸਕੇ।

(ਖ) ਉਹ ਬੋਲ ਕੇ ਵਿਸਰਾਮ-ਚਿੰਨ੍ਹਾਂ ਅਨੁਸਾਰ ਢੁਕਵੇਂ ਠਹਿਰਾਅ, ਦਬਾਅ ਤੇ ਤਾਨ ਨਾਲ਼ ਪੜ੍ਹ ਸਕੇ।

(ਗ) ਉਹ ਚੁੱਪ-ਚਾਪ ਮੂੰਹ ਵਿੱਚ ਗਤੀ ਨਾਲ਼ ਪੜ੍ਹ ਸਕੇ।

## ਗ੍ਰਹਿਣ ਕਰਨਾ

### ਪੜ੍ਹ ਕੇ ਗ੍ਰਹਿਣ ਕਰਨਾ :

ਘਰ ਆਈ ਕੋਈ ਚਿੱਠੀ, ਸੁਨੇਹਾ, ਬਾਲ-ਰਿਸਾਲਾ ਜਾਂ ਸਰਲ ਬਾਲ-ਪੁਸਤਕ ਨੂੰ ਪੜ੍ਹ ਕੇ ਸਮਝ ਸਕੇ। ਪਾਠ-ਪੁਸਤਕ ਵਿਚਲੀਆਂ ਕਹਾਣੀਆਂ ਪੜ੍ਹ ਕੇ ਉਹਨਾਂ ਦੇ ਘਟਨਾ-ਕ੍ਰਮ ਨੂੰ ਸਮਝ ਸਕੇ।

ਪਾਠ-ਪੁਸਤਕ ਦੇ ਕਿਸੇ ਪਾਠ ਨੂੰ ਪੜ੍ਹ ਕੇ ਉਸ ਵਿਚਲੇ ਭਾਵ ਜਾਂ ਸਿੱਖਿਆ ਨੂੰ ਗ੍ਰਹਿਣ ਕਰ ਸਕੇ। ਵਿਸਰਾਮ-ਚਿੰਨ੍ਹਾਂ ਨੂੰ ਸਮਝਦੇ ਹੋਏ, ਲਿਖਤ ਵਿੱਚ ਪ੍ਰਗਟਾਏ ਹੈਰਾਨੀ ਤੇ ਖ਼ੁਸ਼ੀ ਆਦਿ ਦੇ ਭਾਵਾਂ ਨੂੰ ਸਮਝ ਸਕੇ।

## ਸੁਣ ਕੇ ਗ੍ਰਹਿਣ ਕਰਨਾ

ਆਮ ਗੱਲ-ਬਾਤ ਨੂੰ ਸੁਣ ਕੇ ਸਮਝ ਸਕੇ। ਅਧਿਆਪਕ ਦੁਆਰਾ ਪੜ੍ਹਾਏ ਪਾਠ ਨੂੰ ਸਮਝ ਸਕੇ। ਕਿਸੇ ਦੂਜੇ ਵਿਦਿਆਰਥੀ ਦੁਆਰਾ ਪੜ੍ਹੇ ਪਾਠ ਨੂੰ ਸੁਣ ਕੇ ਸਮਝ ਸਕੇ। ਸ਼੍ਰੇਣੀ ਵਿੱਚ ਜਾਂ ਕਿਸੇ ਸਕੂਲ-ਸਭਾ ਵਿੱਚ ਸੁਣਾਏ ਗੀਤ, ਕਹਾਣੀਆਂ, ਚੁਟਕਲੇ ਸੁਣ ਕੇ ਸਮਝ ਸਕੇ ਅਤੇ ਸਲਾਹ ਸਕੇ। ਟੈਲੀਵੀਜ਼ਨ ਜਾਂ ਰੇਡੀਓ ਤੋਂ ਵੇਖੇ/ਸੁਣੇ ਬੱਚਿਆਂ ਦੇ ਪ੍ਰੋਗ੍ਰਾਮ ਸਮਝ ਸਕੇ।

## ਮੌਖਿਕ ਪ੍ਰਗਟਾਅ

ਪੜ੍ਹੇ ਪਾਠਾਂ ਬਾਰੇ ਨਿੱਕੇ ਤੇ ਸਰਲ ਪ੍ਰਸ਼ਨਾਂ ਦਾ ਉੱਤਰ ਦੇ ਸਕੇ। ਪੜ੍ਹੀ ਜਾਂ ਸੁਣੀ ਹੋਈ ਕਹਾਣੀ ਨੂੰ ਆਪਣੇ ਸ਼ਬਦਾਂ ਵਿੱਚ ਸੁਣਾ ਸਕੇ। ਆਪਣੇ ਸਾਥੀ ਵਿਦਿਆਰਥੀਆਂ ਨਾਲ਼ ਬਿਨਾਂ ਝਿਜਕ ਗੱਲ-ਬਾਤ ਕਰ ਸਕੇ। ਆਪਣੀ ਪਾਠ-ਪੁਸਤਕ ਵਿੱਚੋਂ ਜਾਂ ਕਿਸੇ ਹੋਰ ਪੜ੍ਹਨ-ਸਮਗਰੀ ਵਿੱਚੋਂ ਕੋਈ ਕਵਿਤਾ ਜਾਂ ਗੀਤ ਸੁਣਾ ਸਕੇ। ਆਪਣੀ ਸ਼੍ਰੇਣੀ ਜਾਂ ਸਕੂਲ-ਸਭਾ ਵਿੱਚ ਕੋਈ ਦਿਲਚਸਪ ਗੱਲ ਜਾਂ ਘਟਨਾ ਸੁਣਾ ਸਕੇ।

## ਲਿਖਤੀ ਪ੍ਰਗਟਾਅ

ਗੁਰਮੁਖੀ ਅੱਖਰਾਂ ਨੂੰ ਸੋਹਣਾ-ਸੋਹਣਾ ਕਰਕੇ ਲਿਖ ਸਕੇ। ਸੁਹਜ-ਸੁਆਦ ਦੀ ਤ੍ਰਿਪਤੀ ਲਈ ਅੱਖਰਾਂ ਦੀ ਬਣਾਵਟ ਨੂੰ ਆਕਰਸ਼ਕ ਬਣਾ ਕੇ ਲਿਖ ਸਕੇ। ਪਾਠ-ਪੁਸਤਕਾਂ ਵਿੱਚੋਂ ਕਿਸੇ ਮਨਪਸੰਦ ਪਾਠ ਜਾਂ ਕਵਿਤਾ ਦੀਆਂ ਤੁਕਾਂ ਨੂੰ ਸੋਹਣਾ-ਸੋਹਣਾ ਲਿਖ ਸਕੇ। ਪਾਠ-ਅਭਿਆਸਾਂ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ। ਆਪਣੇ ਘਰ ਜਾਂ ਜਮਾਤ ਦੀ ਦਿਵਾਰ ਉੱਤੇ ਲਾਉਣ ਲਈ ਸੋਹਣੇ ਮਾਟੋ ਲਿਖ ਸਕੇ। ਆਪਣੀ ਲੋੜ ਜਾਂ ਦਿਲਚਸਪੀ ਦੀ ਕੋਈ ਗੱਲ ਨੋਟ ਕਰ ਸਕੇ।

## ਲਿਖਤ ਰਚਨਾ

(ੳ) ਹੇਠ ਲਿਖਿਆਂ ਵਿੱਚੋਂ ਕੋਈ ਦਸ ਵਿਸ਼ਿਆਂ ਉੱਤੇ 5 ਤੋਂ 10 ਵਾਕ ਲਿਖ ਸਕੇ, ਜਿਵੇਂ: ਮੇਰੀ ਕਿਤਾਬ, ਮੇਰਾ ਬਸਤਾ, ਮੇਰੀ ਪੈਂਨਸਿਲ ਜਾਂ ਪੈਂਨ ਆਦਿ। ਸਾਡਾ ਘਰ, ਸਾਡਾ ਸਕੂਲ, ਮੇਰੀ ਮਾਂ, ਸਾਡੇ ਅਧਿਆਪਕ, ਕੁੱਤਾ, ਗਾਂ, ਮੱਝ, ਕਾਂ, ਚਿੜੀ ਆਦਿ। ਵਰਖਾ ਰੁੱਤ, ਦਿਵਾਲ਼ੀ, ਹੋਲੀ, ਦਸਹਿਰਾ ਜਾਂ ਕਿਸੇ ਸਥਾਨਿਕ ਮੇਲੇ ਜਾਂ ਖੇਡ ਆਦਿ ਬਾਰੇ।

(ਅ) ਛੁੱਟੀ ਲੈਣ ਲਈ, ਜੁਰਮਾਨਾ ਮਾਫ਼ ਕਰਵਾਉਣ ਲਈ ਬਿਨੈ-ਪੱਤਰ, ਆਪਣੇ ਮਿੱਤਰ,

ਸਹੇਲੀ ਜਾਂ ਸਕੇ-ਸੰਬੰਧੀ ਨੂੰ ਪੱਤਰ ਲਿਖ ਸਕੇ। ਕੁੱਲ ਪੱਤਰ—ਪੰਜ।

(ੲ) ਕਿਤੋਂ ਪੜ੍ਹੀ ਜਾਂ ਸੁਣੀ ਕਹਾਣੀ ਨੂੰ ਆਪਣੇ ਸ਼ਬਦਾਂ ਵਿੱਚ ਲਿਖ ਸਕੇ।

(ਸ) ਅਧਿਆਪਕ ਦੁਆਰਾ ਜਾਂ ਮਾਪਿਆਂ ਦੁਆਰਾ ਬੋਲੇ ਸ਼ਬਦਾਂ ਅਤੇ ਸਰਲ ਵਾਕਾਂ ਨੂੰ ਸ਼ਬਦ-ਜੋੜਾਂ ਪੱਖੋਂ ਸ਼ੁੱਧ ਲਿਖ ਸਕੇ।

## ਇਸ ਪਾਠ-ਪੁਸਤਕ ਬਾਰੇ

1. ਇਹ ਪਾਠ-ਪੁਸਤਕ ਪੰਜਾਬੀ (ਦੂਜੀ ਭਾਸ਼ਾ) ਦੇ ਵਿਦਿਆਰਥੀਆਂ ਲਈ ਪੰਜਾਬੀ ਦੀ ਪਹਿਲੀ ਪਾਠ-ਪੁਸਤਕ ਹੈ। ਅਰੰਭ ਵਿੱਚ ਗੁਰਮੁਖੀ ਅੱਖਰਾਂ ਨਾਲ਼ ਜਾਣ-ਪਛਾਣ ਕਰਵਾਉਣ ਦਾ ਯਤਨ ਕੀਤਾ ਗਿਆ ਹੈ। ਹਰ ਪਾਠ ਦੇ ਹੇਠਾਂ ਪਾਠ-ਵਿਸਤਾਰ ਵਜੋਂ ਕਈ-ਕਈ ਸ਼ਬਦ ਦਿੱਤੇ ਹਨ। ਹਰ ਲਗ-ਮਾਤਰਾ ਨੂੰ ਵਧੇਰੇ ਬਲ ਦੇ ਕੇ ਅਤੇ ਅੰਤਰ ਵਿੱਚ ਦਰਸਾ ਕੇ ਪੜ੍ਹਾਉਣ ਬਾਰੇ ਸੰਕੇਤ ਵੀ ਹਨ।

ਗੁਰਮੁਖੀ ਦੇ ਅੱਖਰਾਂ ਅਤੇ ਲਗਾਂ-ਮਾਤਰਾਂ ਦੀ ਜਾਣਕਾਰੀ ਪਿੱਛੋਂ ਜਿਹੜੇ ਪਾਠ ਸ਼ਾਮਲ ਕੀਤੇ ਹਨ, ਉਹ ਵਿਸ਼ਾ-ਵਸਤੂ ਪੱਖੋਂ ਸਮਾਜਿਕ ਤੇ ਪ੍ਰਕਿਰਤਿਕ ਵਾਤਾਵਰਨ ਦੀ ਸੋਝੀ ਤੇ ਜੀਵਨ ਦੀਆਂ ਸੁਚੱਜੀਆਂ ਕਦਰਾਂ-ਕੀਮਤਾਂ ਅਤੇ ਵਿਗਿਆਨਿਕ ਸੋਚ ਨਾਲ਼ ਸੰਬੰਧਿਤ ਹਨ। ਪਾਠ-ਪੁਸਤਕ ਵਿੱਚ ਸਾਡੇ ਸੱਭਿਆਚਾਰ ਦੇ ਮੁੱਲਵਾਨ ਪਹਿਲੂਆਂ ਨੂੰ ਛੂੰਹਦੇ ਪਾਠ ਵੀ ਸ਼ਾਮਲ ਕੀਤੇ ਗਏ ਹਨ। ਵਿਦਿਆਰਥੀਆਂ ਦੀ ਮਾਨਸਿਕ ਪੱਧਰ ਨੂੰ ਧਿਆਨ ਵਿੱਚ ਰੱਖਦਿਆਂ ਪਾਠ-ਸਮਗਰੀ ਨੂੰ ਵਧੇਰੇ ਦਿਲਚਸਪ ਰੱਖਣ ਦਾ ਜਤਨ ਕੀਤਾ ਗਿਆ ਹੈ।

ਰੂਪ ਦੇ ਪੱਖ ਤੋਂ ਮੁੱਖ ਤੌਰ 'ਤੇ ਇਸ ਤਰ੍ਹਾਂ ਦੇ ਪਾਠ ਹਨ : ਕਵਿਤਾਵਾਂ, ਕਹਾਣੀਆਂ, ਕਹਾਣੀ-ਨੁਮਾ ਲੇਖ, ਨਾਟਕੀ ਗੱਲ-ਬਾਤ ਅਤੇ ਕਾਵਿ- ਕਹਾਣੀ। ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ ਕਿ ਹਰ ਪਾਠ ਵਿਦਿਆਰਥੀ ਵਿੱਚ ਪੜ੍ਹਨ ਦੀ ਰੁਚੀ ਨੂੰ ਵਧਾਏ ਅਤੇ ਜਿਗਿਆਸਾ ਪੈਦਾ ਕਰੇ।

2. ਇਹ ਸਪਸ਼ਟ ਹੈ ਕਿ ਪੰਜਾਬੀ (ਦੂਜੀ ਭਾਸ਼ਾ) ਨੂੰ ਪੜ੍ਹਨ ਵਾਲ਼ੇ ਵਿਦਿਆਰਥੀ ਨੇ ਪਹਿਲੀ ਭਾਸ਼ਾ ਵਜੋਂ ਕੋਈ ਹੋਰ ਭਾਸ਼ਾ ਪੜ੍ਹੀ ਹੋਈ ਹੈ। ਪੰਜਾਬ ਵਿੱਚ ਲਗ-ਪਗ ਸਭਨੀਂ ਥਾਂਈਂ ਇਹ ਭਾਸ਼ਾ ਹਿੰਦੀ ਹੈ। ਪੰਜਾਬੀ (ਦੂਜੀ ਭਾਸ਼ਾ) ਦੀ ਪੜ੍ਹਾਈ ਲਈ ਵਿਦਿਆਰਥੀ ਦੀ ਪਹਿਲਾਂ ਸਿੱਖੀ ਹੋਈ ਭਾਸ਼ਾ ਦਾ ਲਾਭ ਲੈਣਾ ਬੜਾ ਜ਼ਰੂਰੀ ਹੈ। ਪੰਜਾਬੀ ਅਤੇ ਹਿੰਦੀ ਦੋਂਹਾਂ ਭਾਸ਼ਾਵਾਂ ਵਿੱਚ ਜਿੱਥੇ ਕਈ ਭਾਂਤ ਦੇ ਵਖਰੇਵੇਂ ਹਨ ਉੱਥੇ ਅਨੇਕ ਸਮਾਨਤਾਵਾਂ ਵੀ ਹਨ। ਦੋਂਹਾਂ ਭਾਸ਼ਾਵਾਂ ਵਿੱਚ ਵਾਕ-ਬਣਤਰ ਲਗ-ਪਗ ਸਮਾਨ ਹੈ। ਸ਼ਬਦਵਾਲੀ ਕਾਫ਼ੀ ਹੱਦ ਤੱਕ ਸਾਂਝੀ ਹੈ। ਗੁਰਮੁਖੀ ਤੇ ਦੇਵਨਾਗਰੀ ਲਿਪੀਆਂ ਜਿਨ੍ਹਾਂ ਵਿੱਚ ਪੰਜਾਬੀ ਤੇ ਹਿੰਦੀ ਲਿਖੀ ਜਾਂਦੀ ਹੈ, ਦੀਆਂ ਵਰਨ-ਮਾਲਾਵਾਂ ਵਿੱਚ ਅੱਖਰ-ਕ੍ਰਮ ਕਾਫ਼ੀ ਹੱਦ ਤੱਕ ਸਾਂਝੇ ਹਨ। ਲਗਾਂ ਦੀ ਬਣਾਵਟ ਤੇ ਇਹਨਾਂ ਨੂੰ ਲਾਉਣ ਦੀ ਵਿਧੀ ਵੀ ਕਾਫ਼ੀ ਮੇਲ਼ ਖਾਂਦੀ ਹੈ। ਅਜਿਹੀਆਂ ਸਾਂਝਾਂ ਦੇ ਬਾਵਜੂਦ ਵਖਰੇਵੇਂ ਵੀ ਹਨ ਜੋ ਕਈ ਵਿਆਕਰਨ-ਅੰਸ਼ਾਂ, ਉਚਾਰਨ ਵਿੱਚ ਦਿੱਤੇ ਜਾਂਦੇ ਬਲ, ਅੱਖਰਾਂ ਤੇ ਲਗਾਂ ਦੀ ਬਣਾਵਟ ਅਤੇ ਸ਼ਬਦ-ਜੋੜਾਂ ਆਦਿ ਵਿੱਚ ਹਨ।

ਪੰਜਾਬੀ ਪੜ੍ਹਾਉਣ ਸਮੇਂ ਦੋਂਹਾਂ ਭਾਸ਼ਾਵਾਂ ਅਤੇ ਲਿਪੀਆਂ ਦੇ ਸਾਂਝੇ ਤੇ ਸਮਾਨਤਾ ਵਾਲ਼ੇ ਲੱਛਣਾਂ ਨੂੰ ਆਧਾਰ ਬਣਾਉਣਾ ਚਾਹੀਦਾ ਹੈ ਤੇ ਨਾਲ਼ੋ-ਨਾਲ਼ ਸਿਖਾਈ ਜਾਣ ਵਾਲ਼ੀ ਭਾਸ਼ਾ ਅਤੇ

ਲਿਪੀ ਦੇ ਵਿਸ਼ੇਸ਼ ਲੱਛਣਾਂ ਵੱਲ ਵੀ ਧਿਆਨ ਦਿਵਾਉਣਾ ਚਾਹੀਦਾ ਹੈ। ਇਸ ਆਸ਼ੇ ਨਾਲ਼ ਪਹਿਲਾਂ ਤਾਂ ਦੇਵਨਾਗਰੀ ਅੱਖਰਾਂ ਦੇ ਸਮਾਨਾਂਤਰ ਗੁਰਮੁਖੀ ਦੇ ਅੱਖਰ ਅਤੇ ਲਗਾਂ ਦਿੱਤੀਆਂ ਹਨ। ਫਿਰ ਪਾਠ-ਅਭਿਆਸਾਂ ਵਿੱਚ ਇੱਕ-ਇੱਕ ਪ੍ਰਸ਼ਨ ਵਿਸ਼ੇਸ਼ ਤੌਰ 'ਤੇ ਦਿੱਤਾ ਗਿਆ ਹੈ। ਇਸ ਪ੍ਰਸ਼ਨ ਦੇ (ੳ) ਭਾਗ ਵਿੱਚ ਅਜਿਹੇ ਸ਼ਬਦ ਦਿੱਤੇ ਹਨ ਜੋ ਪੰਜਾਬੀ ਅਤੇ ਹਿੰਦੀ ਦੋਂਹਾਂ ਭਾਸ਼ਾਵਾਂ ਵਿੱਚ ਥੋੜ੍ਹੇ ਜਿੰਨੇ ਸ਼ਬਦ-ਜੋੜਾਂ ਦੇ ਅੰਤਰ ਨਾਲ਼ ਪ੍ਰਚਲਿਤ ਹਨ।

ਪ੍ਰਸ਼ਨ ਦੇ ਦੂਜੇ ਭਾਗ ਵਿੱਚ ਇੱਕ ਅਰਥ ਰੱਖਦੇ ਅਜਿਹੇ ਸ਼ਬਦ ਹਨ ਜਿਨ੍ਹਾਂ ਦਾ ਪੰਜਾਬੀ ਰੂਪ ਹਿੰਦੀ ਰੂਪ ਤੋਂ ਭਿੰਨ ਹੈ। ਅਧਿਆਪਕ ਉਪਰੋਕਤ ਭਾਂਤ ਦੀਆਂ ਸਾਂਝਾਂ ਤੇ ਵਖਰੇਵਿਆਂ ਨੂੰ ਧਿਆਨ ਵਿੱਚ ਰੱਖ ਕੇ ਪੰਜਾਬੀ (ਦੂਜੀ ਭਾਸ਼ਾ) ਨੂੰ ਪੜ੍ਹਾਏ।

*****

## ਪਾਠ 1

# ਵਰਨ-ਮਾਲਾ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ |
| | | ਲ਼ | | |

ਪਾਠ 2

## ਵਰਨ-ਮਾਲਾ ਪੂਰੀ ਕਰੋ

| | | | | |
|---|---|---|---|---|
| ੳ | ___ | ੲ | ___ | ਹ |
| ___ | ਖ | ਗ | ___ | ___ |
| ਚ | ___ | ___ | ਝ | ___ |
| ਟ | ___ | ਡ | ___ | ਣ |
| ___ | ਥ | ___ | ___ | ਨ |
| ਪ | ___ | ਬ | ___ | ___ |
| ਯ | ___ | ___ | ਵ | ੜ |
| ਸ਼ | ___ | ਗ਼ | ___ | ___ |
| | | ਲ਼ | | |

## ਪਾਠ 3

## ਪਛਾਣੋ ਤੇ ਪੜ੍ਹੋ

| | | | | |
|---|---|---|---|---|
| ਸ | ਯ | ਮ | ਖ | ਡ |
| ਅ | ਵ | ੲ | ਲ | ਘ |
| ਚ | ਗ | ਹ | ਜ | ਰ |
| ਛ | ਠ | ਢ | ਟ | ੳ |
| ਣ | ਙ | ਤ | ੜ | ਭ |
| ਥ | ਝ | ਞ | ਦ | ਢ |
| ਕ | ਬ | ਨ | ਪ | ਧ |
| ਫ਼ | ਖ਼ | ਗ਼ | ਸ਼ | ਜ਼ |
| | | ਲ਼ | | |

## ਪਾਠ 4

# ਪੰਜਾਬੀ ਅੱਖਰ ਲਿਖਣ ਦੀ ਵਿਧੀ



ਡ ਡ ਡ ਡ

ੳ ੳ ੳ ੳ

ਝ ਝ ਝ ਝ

ਞ ਞ ਞ ਞ ਞ ਞ

ਟ ਟ ਟ ਟ

ਠ ਠ ਠ ਠ

ਲ ਲ ਲ ਲ

ਥ ਥ ਥ ਥ

ਣ ਣ ਣ ਣ


ਧ ਧ ਧ ਧ

| | | | | |
|---|---|---|---|---|
| ਜ | | | ਜ | ਜ |
| ਜ਼ | | ਜ | ਜ਼ | ਜ਼ |
| ਦ | | | ਦ | ਦ |
| ਢ | | | ਢ | ਢ |
| ਪ | | | ਪ | ਪ |
| ਖ | ਪ | ਖ | ਖ਼ | ਖ਼ |
| ਧ | | | ਧ | ਧ |
| ਥ | | ਥ | ਥ | ਥ |
| ਘ | | | ਘ | ਘ |

| | | | | | |
|---|---|---|---|---|---|
| ਯ | | | ਯ | ਯ | ਯ |
| ਏ | | | ਏ | ਏ | ਏ |
| ਠ | | | ਠ | ਠ | ਠ |
| ਙ | | | ਙ | ਙ | ਙ |
| ਵ | | | ਵ | ਵ | ਵ |
| ਛ | | | ਛ | ਛ | ਛ |
| ਞ | | | ਞ | ਞ | ਞ |
| ਗ਼ | | | ਗ਼ | ਗ਼ | ਗ਼ |
| ਠ਼ | ਠ਼ | ਠ਼ | ਠ਼ | ਠ਼ | ਠ਼ |
| ਲ | | | ਲ | ਲ | ਲ |

ਪਾਠ 5

# ਮੁਕਤਾ




| | | | |
|---|---|---|---|
| ਹਲ਼ | ਫਲ਼ | ਭਰ | ਜਲ |
| ਸੜਕ | ਕਣਕ | ਕਲਮ | ਬਲਬ |
| ਸਰਕਸ | ਕਸਰਤ | ਅਦਰਕ | ਪਰਬਤ |

ਪਵਨ ਜਲ ਭਰ

ਅਮਰ ਸ਼ਰਬਤ ਫੜ।

ਕਮਲ ਘਰ ਵੜ।

ਹਰਮਨ ਮਟਰ ਧਰ।

ਅਰਜਨ ਕਸਰਤ ਕਰ।

ਸ਼ਰਨ ਕਲਮ ਪਕੜ

## ਅਭਿਆਸ ਲਈ ਹੋਰ ਸ਼ਬਦ

ਤਰ, ਡਰ, ਕਰ, ਰਸ, ਘੜ, ਸਨ, ਸਫ਼ਰ, ਰਬੜ, ਗਰਮ, ਬਰਫ਼, ਫ਼ਸਲ, ਬਟਨ, ਸ਼ਬਦ, ਬਣਤਰ, ਦਫ਼ਤਰ, ਹਲਚਲ, ਗਰਦਨ।

## ਪਾਠ 6

# ਅਧਕ ( ੱ )




| | | |
|---|---|---|
| ਅੱਖ | ਨੱਕ | ਹੱਥ |
| ਮੱਖਣ | ਟੱਕਰ | ਛੱਪੜ |
| ਸੱਕਰ | ਲੱਕੜ | ਪੱਥਰ |

ਸੱਜਣ ਜੱਗ ਰੱਖ
ਚਰਨ ਟੱਬ ਭਰ
ਬੱਦਲ਼ ਵੱਲ ਤੱਕ।
ਗੱਜਣ ਗੱਲ ਦੱਸ।
ਰੱਜ-ਰੱਜ ਹੱਸ।

**ਅੰਤਰ ਸਮਝੋ**


| | |
|---|---|
| ਜਗ | ਜੱਗ |
| ਵਗ | ਵੱਗ |
| ਦਸ | ਦੱਸ |

**ਅਭਿਆਸ ਲਈ ਹੋਰ ਸ਼ਬਦ**

ਹੱਸ, ਨੱਸ, ਕੱਢ, ਛੱਡ, ਸੱਟ, ਵੱਧ, ਸੱਚ, ਗੱਲ।

## ਪਾਠ 7

# ਕੰਨਾ ( ਾ )




| | | | |
|---|---|---|---|
| ਨਾਨਾ | ਚਾਚਾ | ਮਾਮਾ | ਦਾਦਾ |
| ਗਮਲਾ | ਝਰਨਾ | ਚਮਚਾ | ਬਸਤਾ |
| ਸਰਦਾਰ | ਕਰਤਾਰ | ਟਮਾਟਰ | ਡਾਕਟਰ |

ਰਾਤ ਰਾਤ ਰਾਤ ।
ਤਾਰਾ ਤਾਰਾ ਕਰਦਾ,
ਝਾਤ ਝਾਤ ਝਾਤ
ਦਾਤਣ ਕਰ। ਵਾਲ਼ ਵਾਹ।
ਸੱਕਰ ਨਾਲ਼ ਚਾਵਲ ਖਾ।


| ਅੰਤਰ ਸਮਝੋ | |
|---|---|
| ਕਰ | ਕਾਰ |
| ਤਰ | ਤਾਰ |
| ਭਰ | ਭਾਰ |

**ਅਭਿਆਸ ਲਈ ਹੋਰ ਸ਼ਬਦ**

ਹਵਾ, ਰਾਤ, ਬਾਤ, ਸਾਗ, ਪਾਸਾ, ਪੱਖਾ, ਅਚਾਰ, ਪਾਲਕ, ਪਾਰਕ, ਨਲ਼ਕਾ, ਕਾਗ਼ਜ਼, ਪਹਾੜ, ਅਵਾਜ਼, ਅਰਦਾਸ।

# ਪਾਠ 8

# ਸਿਹਾਰੀ ( ਿ )




| | | |
|---|---|---|
| ਗਿਣ | ਦਿਨ | ਲਿਖ |
| ਗਿੱਦੜ | ਕਿੱਕਰ | ਨਿੱਕਰ |
| ਬਿਸਤਰਾ | ਇਸ਼ਨਾਨ | ਕਿਰਪਾਨ |

ਕਿਰਨ ਕਿਤਾਬ ਪਕੜ

ਕਵਿਤਾ ਯਾਦ ਕਰ।

ਅਧਿਆਪਕ ਪਾਸ ਜਾ।

ਗਿਆਨ ਸਿੱਖ

ਸਾਫ਼-ਸਾਫ਼ ਲਿਖ।

| ਅੰਤਰ ਸਮਝੋ | |
|---|---|
| ਜੱਤ | ਜਿੱਤ |
| ਭੱਜ | ਭਿੱਜ |
| ਪੱਤਾ | ਪਿੱਤਾ |

### ਅਭਿਆਸ ਲਈ ਹੋਰ ਸ਼ਬਦ

ਕਿੱਲ, ਹਿੱਲ, ਖਿੱਲ, ਮਿਣ, ਮਿੱਤਰ, ਪਿੱਪਲ਼, ਨਹਿਰ, ਪਿਆਸ, ਸ਼ਹਿਦ, ਸ਼ਹਿਰ, ਪਿਆਰ, ਵਿਆਹ, ਚਿਮਟਾ, ਚਿੱਤਰ ।

ਪਾਠ 9

# ਬਿਹਾਰੀ ( ੀ )




| | | |
|---|---|---|
| ਕੀੜੀ | ਜੀਭ | ਵੀਰ |
| ਲੀਚੀ | ਪਪੀਤਾ | ਪਤੀਸਾ |
| ਹਲਵਾਈ | ਮਠਿਆਈ | ਅਲਮਾਰੀ |

ਮੀਨਲ ਦੀ ਮਾਸੀ ਆਈ।
ਰਸ-ਮਲ਼ਾਈ, ਬਰਫ਼ੀ ਲਿਆਈ।
ਚਾਚੀ ਬਣਾਇਆ ਮਟਰ -ਪਨੀਰ
ਦਾਦੀ ਬਣਾਈ ਮਿੱਠੀ ਖੀਰ।
ਬਦਾਮ, ਨਾਰੀਅਲ, ਚੀਨੀ ਪਾਈ।
ਥਾਲ਼ੀ ਵਿੱਚ ਪਾ ਵਰਤਾਈ।


| ਅੰਤਰ ਸਮਝੋ | |
|---|---|
| ਬਰਫ਼ | ਬਰਫ਼ੀ |
| ਤਾਰ | ਤੀਰ |
| ਪਿਤਾ | ਪੀਤਾ |

## ਅਭਿਆਸ ਲਈ ਹੋਰ ਸ਼ਬਦ

ਪਾਣੀ, ਮਿੱਟੀ, ਫੱਟੀ, ਗੱਡੀ, ਕਾਲ਼ੀ, ਹਰੀ, ਖੀਰ, ਚਿੱਟੀ, ਸ਼ੀਸ਼ਾ, ਕੀੜਾ, ਕਮੀਜ਼, ਟਾਹਲੀ, ਕਿਆਰੀ, ਆਦਮੀ, ਦਵਾਈ, ਥਰਮਾਮੀਟਰ।

ਪਾਠ 10

# ਔਂਕੜ ( ੁ )




| | | |
|---|---|---|
| ਸੱਪ | ਦੁੱਧ | ਗੁੜ |
| ਫੁੱਲ | ਗੁਲਾਬ | ਰੁਮਾਲ |
| ਬੁਝਾਰਤ | ਜੁਲਾਈ | ਮੁਸਾਫ਼ਰ |

ਸੁਖਮਨੀ ਦੀ ਤਾਈ ਆਈ ।
ਗੁੱਡੀ ਇੱਕ ਲਿਆਈ ।
ਗੁੱਡੀ ਬਹੁਤ ਪਿਆਰੀ ।
ਲੱਗਦੀ ਸੀ ਉਹ ਨਿਆਰੀ ।
ਗੁਲਾਬੀ ਪੁਸ਼ਾਕ ਉਸ ਦੀ ।
ਫੁਲਕਾਰੀ ਸੀ ਲਾਲ ਉਸ ਦੀ ।
ਤੁਰਦੀ ਸੀ ਉਹ ਚਾਬੀ ਨਾਲ਼ ।
ਬੜੀ ਫੁਰਤੀਲੀ ਉਸ ਦੀ ਚਾਲ ।

**ਅੰਤਰ ਸਮਝੋ**


| | |
|---|---|
| ਗੱਡੀ | ਗੁੱਡੀ |
| ਪੱਤਰ | ਪੁੱਤਰ |
| ਪਤਲੀ | ਪੁਤਲੀ |

**ਅਭਿਆਸ ਲਈ ਹੋਰ ਸ਼ਬਦ**

ਰੁੱਤ, ਰੁੱਖ, ਜੁੱਤੀ, ਮੁੱਠੀ, ਘੁੱਗੀ, ਬੁੱਤ, ਗੁੱਤ, ਗੁੱਡੀ, ਸੁਫਨਾ, ਪੁੱਤਰੀ, ਸੁਰਾਹੀ, ਦੁਪੱਟਾ, ਕੁੱਕੜ, ਫੁੱਫੜ, ਦੁਕਾਨ, ਕੁੜਮਾਈ, ਕੁਹਾੜੀ, ਲੁਹਾਰ ।

ਪਾਠ 11

# ਦੁਲੈਂਕੜ ( ੂ )




| | | |
|---|---|---|
| ਖੂਹ | ਲੱਡੂ | ਬੂਹਾ |
| ਸਕੂਲ | ਖ਼ੂਨ | ਡਮਰੂ |
| ਅਮਰੂਦ | ਖਜੂਰ | ਖ਼ਰਬੂਜ਼ਾ |

ਗੁਰਨੂਰ ਦਾ ਡੱਬਾ,
ਭਰਿਆ ਨਾਲ਼ ਚੂਰੀ ।
ਭਰਪੂਰ ਅੱਜ ਲਿਆਇਆ,
ਇਕ ਲੱਡੂ, ਆਲੂ-ਪੂਰੀ।
ਚੀਕੂ, ਅਮਰੂਦ ਲਿਆਈ ਰਾਣੀ।
ਰਲ਼-ਮਿਲ਼ ਖਾਵਣ ਸਭ ਹਾਣੀ।


| ਅੰਤਰ ਸਮਝੋ | |
|---|---|
| ਘਰ | ਘੂਰ |
| ਭਰੀ | ਭੂਰੀ |
| ਸੁਰਮਾ | ਸੂਰਮਾ |

**ਅਭਿਆਸ ਲਈ ਹੋਰ ਸ਼ਬਦ**

ਬੂਟਾ, ਤੂੜੀ, ਉੱਲੂ, ਲੂਣ, ਸੂਈ, ਜੂੜਾ, ਝੂਠ, ਅੱਥਰੂ, ਜਲੂਸ, ਮੂਰਤ, ਚੂਰਨ, ਸੂਲ਼, ਪੂਰਨ, ਕੂਹਣੀ।

## ਪਾਠ 12

# ਲਾਂ( ੇ )




| | | |
|---|---|---|
| ਬੇਰ | ਸੇਬ | ਕੇਲਾ |
| ਸਲੇਟ | ਸਵੇਰ | ਪਲੇਟ |
| ਹਨੇਰਾ | ਕਮਰੇ | ਪਤਾਸੇ |

ਵੇਸਕ ਨੇ ਵੇਖਿਆ ਮੇਲਾ।
ਉੱਥੇ ਜਾ ਉਸ ਖਾਧਾ ਕੇਲਾ।
ਵੇਸਣ ਦੀ ਬਰਫ਼ੀ ਸੀ ਉੱਥੇ ।
ਰਸਗੁੱਲੇ ਸਨ ਨਾਲ਼ੇ ਪੇੜਾ।
ਜਲੇਬੀ ਸੀ ਨਾਲ਼ੇ ਮਿਲ਼ਕ-ਕੇਕ।
ਜੀਅ ਲਲਚਾਵੇ ਵੇਖ-ਵੇਖ।

| ਅੰਤਰ ਸਮਝੋ | |
|---|---|
| ਦਸ | ਦੇਸ |
| ਅੱਗ | ਅੱਗੇ |
| ਦਰ | ਦੇਰ |

**ਅਭਿਆਸ ਲਈ ਹੋਰ ਸ਼ਬਦ**

ਰੇਤ, ਖੇਡ, ਖੇਤ, ਖੇਸ, ਖੇਤੀ, ਛੇਤੀ, ਬੇਰੀ, ਬੇੜੀ, ਬੱਚੇ, ਕੱਚੇ, ਰੇਸ਼ਮ, ਤਸਮੇ, ਬਨੇਰੇ, ਬਟੇਰਾ, ਵੇਲਣਾ, ਸਹੇਲੀ, ਹਨੇਰੀ।

# ਪਾਠ 13

# ਦੁਲਾਵਾਂ ( ੈ )




| | | |
|---|---|---|
| ਭੈਣ | ਸੈਰ | ਪੈਸਾ |
| ਬੈਟਰੀ | ਬਨੈਣ | ਕੈਮਰਾ |
| ਟੈਲੀਫੂਨ | ਟੈਲੀਵੀਜ਼ਨ | ਐਤਵਾਰ |

ਸ਼ੈਲੀ ਮੇਰੀ ਭੈਣ ਹੈ ਨਿੱਕੀ,<br>
ਚੁਸਤ ਚਲਾਕ ਬੜੀ ਹੀ ਤਿੱਖੀ।<br>
ਨਿੱਕੇ-ਨਿੱਕੇ ਉਸਦੇ ਪੈਰ,<br>
ਰੋਜ਼ ਸਵੇਰੇ ਕਰਦੀ ਸੈਰ।


| ਅੰਤਰ ਸਮਝੋ | |
|---|---|
| ਰੇਤਾ | ਰੈਤਾ |
| ਸੇਰ | ਸੈਰ |
| ਕਮਰਾ | ਕੈਮਰਾ |

**ਅਭਿਆਸ ਲਈ ਹੋਰ ਸ਼ਬਦ**

ਪੈੱਨ, ਸੈੱਲ, ਰੈਫ਼ਰੀ, ਪੈਦਲ, ਫ਼ੈਸਲਾ, ਜਵੈਣ, ਬੈਠਕ, ਕੈਮਰਾ।

## ਪਾਠ 14

# ਹੋੜਾ ( ੋ )




| | | |
|---|---|---|
| ਦੋ | ਧੋ | ਰੋਟੀ |
| ਸੋਟੀ | ਖੋਤਾ | ਫੋਟੋ |
| ਟੋਕਰੀ | ਬੋਹੜ | ਸਟੋਵ |

ਲੋਹੜੀ ਬਈ ਲੋਹੜੀ,
ਦਿਓ ਗੁੜ ਦੀ ਰੋੜੀ।
ਤੁਹਾਡੇ ਕੋਠੇ ਉੱਤੇ ਮੋਰ,
ਸਾਨੂੰ ਛੇਤੀ-ਛੇਤੀ ਤੋਰ।


| ਅੰਤਰ ਸਮਝੋ | |
|---|---|
| ਤਰ | ਤੋਰ |
| ਗਲ਼ | ਗੋਲ਼ |
| ਮਟਰ | ਮੋਟਰ |

**ਅਭਿਆਸ ਲਈ ਹੋਰ ਸ਼ਬਦ**

ਡੋਰ, ਛੋਟਾ, ਖਾਓ, ਸੋਨਾ, ਲੋਹਾ, ਸੋਹਣਾ, ਢੋਲਕੀ, ਧੋਬਣ, ਸੋਮਵਾਰ, ਥੋਹਰ, ਸਰੋਵਰ।

## ਪਾਠ 15

# ਕਨੌੜਾ (ੌ)




| | | |
|---|---|---|
| **ਕੌਣ** | ਕੌੜਾ | ਚੌੜਾ |
| ਰੌਣਕ | ਪਕੌੜਾ | ਤੌਲੀਆ |
| ਚੌਕੀਦਾਰ | ਮਖੌਲੀਆ | ਹੌਲਦਾਰ |

ਫ਼ੌਜੀ ਮਾਮਾ ਆਇਆ,
ਖਿਡੌਣੇ ਬਹੁਤ ਲਿਆਇਆ।
ਪਕੌੜੇ ਤਲ਼ੇ ਗੌਰੀ,
ਚਮਕੌਰ ਲਿਆਇਆ ਕਚੌਰੀ।


| ਅੰਤਰ ਸਮਝੋ | |
|---|---|
| ਕਣ | ਕੌਣ |
| ਕੜਾ | ਕੌੜਾ |
| ਕਲੀ | ਕੌਲੀ |

### ਅਭਿਆਸ ਲਈ ਹੋਰ ਸ਼ਬਦ

ਸੌ, ਚੌਲ਼, ਚੌਵੀ, ਧੌਣ, ਔਖਾ, ਸੌਖਾ, ਮੌਸਮ, ਚੌਰਸ, ਮੌਜ, ਕਚੌਰੀ।

## ਪਾਠ 16

# ਟਿੱਪੀ ( ੰ )




| | | |
|---|---|---|
| ਰੂੰ | ਪੰਪ | ਚੰਦ |
| ਗੰਨਾ | ਘੰਟੀ | ਝੰਡਾ |
| ਲੰਗੂਰ | ਕੰਬਲ਼ | ਤੰਦੂਰ |

ਰੰਗ-ਬਰੰਗੀ ਬਸੰਤ ਰੁੱਤ ਆਈ,
ਚਾਰੇ ਪਾਸੇ ਮਹਿਕ ਖਿੰਡਾਈ।
ਬਸੰਤੀ ਕੱਪੜੇ ਪਾ ਕੇ
ਬੰਟੀ-ਸ਼ੰਟੀ ਮੇਲੇ ਜਾਵਣਗੇ।
ਸੰਗੀ-ਸਾਥੀ ਮਿਲ਼ ਕੇ,
ਪਤੰਗ ਵੀ ਉਡਾਵਣਗੇ।


| ਅੰਤਰ ਸਮਝੋ | |
|---|---|
| ਵਗ | ਵੰਗ |
| ਘਟੀ | ਘੰਟੀ |
| ਮਿਟ | ਮਿੰਟ |

**ਅਭਿਆਸ ਲਈ ਹੋਰ ਸ਼ਬਦ**

ਠੰਢਾ, ਕੰਡਾ, ਦੰਦ, ਬੰਦ , ਧੁੰਦ, ਪੰਜ, ਪੰਛੀ, ਪਿੰਡ, ਪੰਡ, ਲੰਘ, ਖੰਘ, ਇੰਜਣ, ਪੰਜਾਬ, ਜੁਗਨੂੰ, ਮੁੰਦਰੀ, ਸਮੁੰਦਰ, ਮੂੰਗਫਲ਼ੀ ਚੁਕੰਦਰ ।

## ਪਾਠ 17

# ਬਿੰਦੀ ( ˙ )




| | | |
|---|---|---|
| ਮਾਂ | ਛਾਂ | ਗਾਂ |
| ਬਾਂਹ | ਪੀਂਘ | ਡਾਂਗ |
| ਬੈਂਗਣ | ਝੌਂਪੜੀ | ਜੁਰਾਬਾਂ |

ਸਾਉਣ ਮਹੀਨੇ ਲੱਗਣ ਤੀਆਂ,
ਜਾਂਦੀਆਂ ਉੱਥੇ ਨੂੰਹਾਂ-ਧੀਆਂ।
ਰਲ਼-ਮਿਲ਼ ਪੀਂਘਾਂ ਝੂਟਦੀਆਂ,
ਨਾਲ਼ੇ ਗਿੱਧਾ ਪਾਉਂਦੀਆਂ।
ਸਾਉਣ ਮਹੀਨੇ ਸਾਰੀਆਂ ਕੁੜੀਆਂ,
ਖ਼ੁਸ਼ੀਆਂ ਮਨਾਉਂਦੀਆਂ।


| ਅੰਤਰ ਸਮਝੋ | |
|---|---|
| ਗਾ | ਗਾਂ |
| ਸਾਗ | ਸਾਂਗ |
| ਕਾਟਾ | ਕਾਂਟਾ |

**ਅਭਿਆਸ ਲਈ ਹੋਰ ਸ਼ਬਦ**

ਨੀਂਦ, ਦਹੀਂ, ਕਾਪੀਆਂ, ਪਰਛਾਂਵਾਂ, ਧੂੰਆਂ, ਪਾਂਡਾ ਆਦਿ।

## ਪਾਠ 17

# ਪੈਰ ਹਾਹਾ ( ੍ਹ ) ਅਤੇ ਪੈਰ ਰਾਰਾ ( ੍ਰ )




| | | |
|---|---|---|
| ਬੁੱਲ੍ਹ | ਮੂੜ੍ਹਾ | ਸਰ੍ਹੋਂ |
| ਟ੍ਰਾਲੀ | ਕ੍ਰਿਕਟ | ਡ੍ਰਾਈਵਰ |

ਮੈਂ ਪ੍ਰਾਇਮਰੀ ਸਕੂਲ ਵਿੱਚ ਪੜ੍ਹਦਾ ਹਾਂ।
ਮਨਪ੍ਰੀਤ ਵੀ ਮੇਰੇ ਨਾਲ਼ ਪੜ੍ਹਦੀ ਹੈ।
ਸਾਡਾ ਸਕੂਲ ਸਵੇਰੇ ਅੱਠ ਵਜੇ ਖੁੱਲ੍ਹਦਾ ਹੈ।
ਸਕੂਲ ਵਿੱਚ ਇੱਕ ਗ੍ਰਾਊਂਡ ਹੈ।
ਬੱਚੇ ਉੱਥੇ ਕ੍ਰਿਕਟ ਖੇਡਦੇ ਹਨ।

**ਅਭਿਆਸ ਲਈ ਹੋਰ ਸ਼ਬਦ**

ਕੜ੍ਹੀ, ਕੱਲ੍ਹ, ਗੁੰਨ੍ਹਣਾ, ਡੋਲ੍ਹਣਾ, ਬੰਨ੍ਹਣਾ, ਪ੍ਰਸ਼ਨ, ਪ੍ਰਾਰਥਨਾ।

ਪਾਠ 19

## ਮੁਹਾਰਨੀ

| | | | | | | | | | | | |
|---|---|---|---|---|---|---|---|---|---|---|---|
| ਅ | ਆ | ਇ | ਈ | ਉ | ਊ | ਏ | ਐ | ਓ | ਔ | ਅੰ | ਆਂ |
| ਸ | ਸਾ | ਸਿ | ਸੀ | ਸੁ | ਸੂ | ਸੇ | ਸੈ | ਸੋ | ਸੌ | ਸੰ | ਸਾਂ |
| ਹ | ਹਾ | ਹਿ | ਹੀ | ਹੁ | ਹੂ | ਹੇ | ਹੈ | ਹੋ | ਹੌ | ਹੰ | ਹਾਂ |
| ਕ | ਕਾ | ਕਿ | ਕੀ | ਕੁ | ਕੂ | ਕੇ | ਕੈ | ਕੋ | ਕੌ | ਕੰ | ਕਾਂ |
| ਖ | ਖਾ | ਖਿ | ਖੀ | ਖੁ | ਖੂ | ਖੇ | ਖੈ | ਖੋ | ਖੌ | ਖੰ | ਖਾਂ |
| ਗ | ਗਾ | ਗਿ | ਗੀ | ਗੁ | ਗੂ | ਗੇ | ਗੈ | ਗੋ | ਗੌ | ਗੰ | ਗਾਂ |
| ਘ | ਘਾ | ਘਿ | ਘੀ | ਘੁ | ਘੂ | ਘੇ | ਘੈ | ਘੋ | ਘੌ | ਘੰ | ਘਾਂ |
| ਚ | ਚਾ | ਚਿ | ਚੀ | ਚੁ | ਚੂ | ਚੇ | ਚੈ | ਚੋ | ਚੌ | ਚੰ | ਚਾਂ |
| ਛ | ਛਾ | ਛਿ | ਛੀ | ਛੁ | ਛੂ | ਛੇ | ਛੈ | ਛੋ | ਛੌ | ਛੰ | ਛਾਂ |
| ਜ | ਜਾ | ਜਿ | ਜੀ | ਜੁ | ਜੂ | ਜੇ | ਜੈ | ਜੋ | ਜੌ | ਜੰ | ਜਾਂ |
| ਝ | ਝਾ | ਝਿ | ਝੀ | ਝੁ | ਝੂ | ਝੇ | ਝੈ | ਝੋ | ਝੌ | ਝੰ | ਝਾਂ |
| ਟ | ਟਾ | ਟਿ | ਟੀ | ਟੁ | ਟੂ | ਟੇ | ਟੈ | ਟੋ | ਟੌ | ਟੰ | ਟਾਂ |
| ਠ | ਠਾ | ਠਿ | ਠੀ | ਠੁ | ਠੂ | ਠੇ | ਠੈ | ਠੋ | ਠੌ | ਠੰ | ਠਾਂ |
| ਡ | ਡਾ | ਡਿ | ਡੀ | ਡੁ | ਡੂ | ਡੇ | ਡੈ | ਡੋ | ਡੌ | ਡੰ | ਡਾਂ |

| | | | | | | | | | | | |
|---|---|---|---|---|---|---|---|---|---|---|---|
| ਢ | ਢਾ | ਢਿ | ਢੀ | ਢੁ | ਢੂ | ਢੇ | ਢੈ | ਢੋ | ਢੌ | ਢੰ | ਢਾਂ |
| ਤ | ਤਾ | ਤਿ | ਤੀ | ਤੁ | ਤੂ | ਤੇ | ਤੈ | ਤੋ | ਤੌ | ਤੰ | ਤਾਂ |
| ਥ | ਥਾ | ਥਿ | ਥੀ | ਥੁ | ਥੂ | ਥੇ | ਥੈ | ਥੋ | ਥੌ | ਥੰ | ਥਾਂ |
| ਦ | ਦਾ | ਦਿ | ਦੀ | ਦੁ | ਦੂ | ਦੇ | ਦੈ | ਦੋ | ਦੌ | ਦੰ | ਦਾਂ |
| ਧ | ਧਾ | ਧਿ | ਧੀ | ਧੁ | ਧੂ | ਧੇ | ਧੈ | ਧੋ | ਧੌ | ਧੰ | ਧਾਂ |
| ਨ | ਨਾ | ਨਿ | ਨੀ | ਨੁ | ਨੂ | ਨੇ | ਨੈ | ਨੋ | ਨੌ | ਨੰ | ਨਾਂ |
| ਪ | ਪਾ | ਪਿ | ਪੀ | ਪੁ | ਪੂ | ਪੇ | ਪੈ | ਪੋ | ਪੌ | ਪੰ | ਪਾਂ |
| ਫ | ਫਾ | ਫਿ | ਫੀ | ਫੁ | ਫੂ | ਫੇ | ਫੈ | ਫੋ | ਫੌ | ਫੰ | ਫਾਂ |
| ਬ | ਬਾ | ਬਿ | ਬੀ | ਬੁ | ਬੂ | ਬੇ | ਬੈ | ਬੋ | ਬੌ | ਬੰ | ਬਾਂ |
| ਭ | ਭਾ | ਭਿ | ਭੀ | ਭੁ | ਭੂ | ਭੇ | ਭੈ | ਭੋ | ਭੌ | ਭੰ | ਭਾਂ |
| ਮ | ਮਾ | ਮਿ | ਮੀ | ਮੁ | ਮੂ | ਮੇ | ਮੈ | ਮੋ | ਮੌ | ਮੰ | ਮਾਂ |
| ਯ | ਯਾ | ਯਿ | ਯੀ | ਯੁ | ਯੂ | ਯੇ | ਯੈ | ਯੋ | ਯੌ | ਯੰ | ਯਾਂ |
| ਰ | ਰਾ | ਰਿ | ਰੀ | ਰੁ | ਰੂ | ਰੇ | ਰੈ | ਰੋ | ਰੌ | ਰੰ | ਰਾਂ |
| ਲ | ਲਾ | ਲਿ | ਲੀ | ਲੁ | ਲੂ | ਲੇ | ਲੈ | ਲੋ | ਲੌ | ਲੰ | ਲਾਂ |
| ਵ | ਵਾ | ਵਿ | ਵੀ | ਵੁ | ਵੂ | ਵੇ | ਵੈ | ਵੋ | ਵੌ | ਵੰ | ਵਾਂ |

## ਪਾਠ 20
# ਦੇਵਨਾਗਰੀ ਅਤੇ ਗੁਰਮੁਖੀ ਲਿਪੀ ਦੇ ਅੱਖਰ

ਪੰਜਾਬੀ ਨੂੰ ਗੁਰਮੁਖੀ ਅੱਖਰਾਂ ਵਿੱਚ ਲਿਖਿਆ ਜਾਂਦਾ ਹੈ। ਗੁਰਮੁੱਖੀ ਲਿਪੀ ਦੇ ਅੱਖਰ ਅਤੇ ਲਗਾਂ ਦੇਵਨਾਗਰੀ ਲਿਪੀ ਦੇ ਅੱਖਰਾਂ ਤੇ ਲਗਾਂ ਨਾਲ਼ ਕਈ ਥਾਂਵਾਂ 'ਤੇ ਮਿਲਦੇ ਹਨ ਅਤੇ ਕਈ ਥਾਂਵਾਂ 'ਤੇ ਵੱਖਰੇ ਹਨ। ਦੋਂਹਾਂ ਲਿਪੀਆਂ ਦੇ ਅੱਖਰ ਅਤੇ ਲਗਾਂ ਨਾਲ਼ੋ-ਨਾਲ਼ ਦਿੱਤੇ ਜਾਂਦੇ ਹਨ।

### ਦੇਵਨਾਗਰੀ ਅਤੇ ਗੁਰਮੁਖੀ ਲਿਪੀ ਦੇ ਅੱਖਰ

| | | | | | |
|---|---|---|---|---|---|
| क | : | ਕ | द | : | ਦ |
| ख | : | ਖ | ध | : | ਧ |
| ग | : | ਗ | न | : | ਨ |
| घ | : | ਘ | प | : | ਪ |
| ङ | : | ਙ | फ | : | ਫ |
| च | : | ਚ | ब | : | ਬ |
| छ | : | ਛ | भ | : | ਭ |
| ज | : | ਜ | म | : | ਮ |
| झ | : | ਝ | य | : | ਯ |
| ञ | : | ਞ | र | : | ਰ |
| ट | : | ਟ | ल | : | ਲ |
| ठ | : | ਠ | व | : | ਵ |
| ड | : | ਡ | श | : | ਸ਼ |
| ढ | : | ਢ | ष | : | |
| ण | : | ਣ | स | : | ਸ |
| त | : | ਤ | ह | : | ਹ |
| थ | : | ਥ | | | |

**ਨੋਟ**:- ਇਸ ਪਾਠ ਲਈ ਅਧਿਆਪਕ ਜੀ ਦੋਂਹਾਂ ਲਿਪੀਆਂ ਵਿੱਚ ਲਗ-ਪਗ ਨਾਲ਼ ਮਿਲ਼ਦੇ ਜਾਂ ਇੱਕੋ ਤਰ੍ਹਾਂ ਦੀਆਂ ਲਕੀਰਾਂ ਤੇ ਗੁਲ਼ਾਈਆਂ ਵਿੱਚ ਲਿਖੇ ਜਾਂਦੇ ਹੋਰ ਅੱਖਰਾਂ ਦਾ ਅਭਿਆਸ ਬੱਚਿਆਂ ਨੂੰ ਕਰਵਾਉਣ ਤਾਂ ਜੋ ਇਸ ਸ਼੍ਰੇਣੀ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਨ ਅਤੇ ਲਿਖਣ ਵਿੱਚ ਵਧੇਰੇ ਸੌਖ ਹੋ ਸਕੇ।

## ਪਾਠ 21

# ਦੇਵਨਾਗਰੀ ਅਤੇ ਗੁਰਮੁਖੀ ਵਿੱਚ ਸੂਰ-ਅੰਕਿਤ ਕਰਨ ਦੀਆਂ ਉਦਾਹਰਨਾਂ

| | |
|---|---|
| अ | ਅ |
| आ | ਆ |
| इ | ਇ |
| इ | ਈ |
| उ | ਉ |
| ऊ | ਊ |
| ए | ਏ |
| ऐ | ਐ |
| ओ | ਓ |
| औ | ਔ |

**ਪਾਠ-22**

# ‘ਕ’ ਅੱਖਰ ਨੂੰ ਮਾਤਰਾਵਾਂ ਲਾਉਣ ਦੀਆਂ ਉਦਾਹਰਨਾਂ

| | |
|---|---|
| क | ਕ |
| का | ਕਾ |
| कि | ਕਿ |
| की | ਕੀ |
| कु | ਕੁ |
| कू | ਕੂ |
| के | ਕੇ |
| कै | ਕੈ |
| को | ਕੋ |
| कौ | ਕੌ |
| कँ | ਕੰ |
| कां | ਕਾਂ |

ਨੋਟ: ਅਧਿਆਪਕ ਜੀ ਹੋਰ ਅੱਖਰਾਂ ਨੂੰ ਉੱਪਰ ਦਿੱਤੀਆਂ ਲਗਾਂ-ਮਾਤਰਾਂ ਲਾ ਕੇ ਵੀ ਲਿਖਣ ਦਾ ਅਭਿਆਸ ਕਰਵਾ ਸਕਦੇ ਹਨ।

ਭਾਗ ਦੂਜਾ

## ਪਾਠ 1

# ਸਵੇਰ ਦੀ ਸਭਾ



ਸਭਾ ਇਹ ਸਵੇਰ ਦੀ,
ਸਭਾ ਇਹ ਸਵੇਰ ਦੀ,
ਚੰਗੇ ਬੱਚੇ ਬਣਨ ਲਈ,
ਸਾਨੂੰ ਇਹ ਪ੍ਰੇਰਦੀ।

ਕਤਾਰਾਂ ਬੰਨ੍ਹ ਪਹਿਲਾਂ,
ਇੱਕ-ਦੂਜੇ ਪਿੱਛੇ ਖੜ੍ਹੀਦਾ।
ਦੇਸ ਦੇ ਪਿਆਰ ਵਾਲ਼ਾ
ਗੀਤ ਫਿਰ ਪੜ੍ਹੀਦਾ।
ਭਾਰਤ ਮਾਤਾ ਦੀ ਜੈ !
ਬੋਲ ਮੂੰਹੋਂ ਕੇਰਦੀ
ਸਭਾ ਇਹ ..............

ਅਧਿਆਪਕ ਸਾਨੂੰ ਦਿਨਾਂ ਤੇ,
ਤਿਉਹਾਰਾਂ ਬਾਰੇ ਦੱਸਦੇ।
ਸੱਚੇ-ਸੁੱਚੇ, ਉੱਚਿਆ,
ਵਿਚਾਰਾਂ ਬਾਰੇ ਦੱਸਦੇ।
ਕਹਿੰਦੇ ਕੱਢੋ ਦਿਲਾਂ ਵਿੱਚੋਂ ,
ਗੱਲ ਤੇਰ-ਮੇਰ ਦੀ।
ਸਭਾ ਇਹ ............

ਬੱਚਿਆਂ ਦਾ ਇੱਕਠ ਜਿਉਂ,
ਫੁੱਲਾਂ ਦੀਆਂ ਕਿਆਰੀਆਂ।
ਮਾਪਿਆੱ ਨੇ ਭੇਜੇ ਘਰੋਂ,
ਕਰ ਕੇ ਤਿਆਰੀਆਂ।
ਚਾਨਣਾ ਗਿਆਨ ਦਾ ਹੈ,
ਵਿੱਦਿਆ ਖਿਲੇਰਦੀ ।

ਸਭਾ ਇਹ ਸਵੇਰ ਦੀ,
ਸਭਾ ਇਹ ਸਵੇਰ ਦੀ।

## ਪਾਠ-ਅਭਿਆਸ


1. ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰੋ।
2. ਹੇਠ ਲਿਖੀਆਂ ਸਤਰਾਂ ਨੂੰ ਸੁੰਦਰ ਕਰਕੇ ਲਿਖੋ:-

ਅਧਿਆਪਕ ਸਾਨੂੰ ਦਿਨਾਂ ਤੇ,
ਤਿਉਹਾਰਾਂ ਬਾਰੇ ਦੱਸਦੇ।
ਸੱਚੇ-ਸੁੱਚੇ, ਉੱਚਿਆਂ,
ਵਿਚਾਰਾਂ ਬਾਰੇ ਦੱਸਦੇ।

*****

## ਪਾਠ 2

# ਘੋਟਣੇ ਦੀ ਖੀਰ



ਇਹ ਪੁਰਾਣੇ ਸਮਿਆਂ ਦੀ ਗੱਲ ਹੈ ਜਦੋਂ ਲੋਕ ਪੈਦਲ ਹੀ ਸਫ਼ਰ ਕਰਦੇ ਸਨ। ਮੋਟਰ-ਗੱਡੀਆਂ ਅਜੇ ਬਣੀਆਂ ਨਹੀਂ ਸਨ। ਉਹਨੀਂ ਦਿਨੀਂ ਲੋਕ ਰਾਹ ਜਾਂਦੇ ਰਾਹੀਆਂ ਨੂੰ ਵੀ ਰੋਟੀ-ਪਾਣੀ ਪੁੱਛ ਲਿਆ ਕਰਦੇ ਸਨ।

ਇੱਕ ਮੁਸਾਫ਼ਰ ਦੂਰੋਂ-ਪਾਰੋਂ ਨੌਕਰੀ ਕਰਕੇ ਜਦੋਂ ਘਰ ਵਾਪਸ ਪਰਤ ਰਿਹਾ ਸੀ ਤਾਂ ਇੱਕ ਪਿੰਡ ਵਿੱਚੋਂ ਲੰਘਦਿਆਂ ਉਸ ਨੂੰ ਰਾਤ ਪੈ ਗਈ। ਉਹ ਬਹੁਤ ਥੱਕਿਆ ਹੋਇਆ ਸੀ। ਉਹਨੂੰ ਭੁੱਖ ਵੀ ਡਾਢੀ ਲੱਗੀ ਹੋਈ ਸੀ।

ਉਹਨੇ ਇੱਕ ਘਰ ਦਾ ਬੂਹਾ ਜਾ ਖੜਕਾਇਆ।

"ਵੇ ਭਾਈ ! ਏਸ ਵੇਲ਼ੇ ਕੌਣ ? ਬੂਹੇ ਅੰਦਰੋਂ ਅਵਾਜ਼ ਆਈ।

"ਮੈਂ ਜੀ, ਇੱਕ ਮੁਸਾਫ਼ਰ ਹਾਂ ਤੇ ਰਾਤ ਕੱਟਣੀ ਹੈ।"

ਘਰ ਦਾ ਬੂਹਾ ਖੁੱਲ੍ਹਿਆ ਤੇ ਇੱਕ ਮਾਈ ਨੇ ਬਾਹਰ ਆ ਕੇ ਕਿਹਾ:

"ਭਾਈ, ਇਹਨੂੰ ਆਪਣਾ ਹੀ ਘਰ ਸਮਝ ਤੇ ਅੰਦਰ ਲੰਘ ਆ"

ਮੁਸਾਫ਼ਰ ਜੋ ਅਜੇ ਸੂਤ ਹੋ ਕੇ ਮੰਜੀ 'ਤੇ ਬੈਠਾ ਹੀ ਸੀ ਬੋਲਿਆ:

"ਮਾਈ, ਕੁਛ ਖਾਣ ਨੂੰ ਨੀ ਮਿਲ਼ ਸਕਦਾ ? ਮੇਰੀ ਭੁੱਖ ਨਾਲ਼ ਜਾਨ ਨਿਕਲ਼ਨ ਲੱਗੀ ਆ। ਭੁੱਖੇ

ਨੂੰ ਤਾਂ ਨੀਂਦ ਵੀ ਨਹੀਂ ਆਉਣੀ।

"ਖਾਣ ਨੂੰ ਤਾਂ ਭਾਈ, ਏਸ ਵੇਲ਼ੇ ਘਰ 'ਚ ਕੁਛ ਨਹੀਂ ।ਆਟਾ-ਕੋਟਾ ਵੀ ਮੁੱਕਿਆ ਪਿਆ।ਕੁਛ ਚਾੜ੍ਹਿਆ-ਪਕਾਇਆ ਵੀ ਨਹੀਂ। ਮੈਂ ਤਾਂ ਆਪ ਅੱਜ ਭੁੱਖੀ-ਭਾਣੀ ਸੌਣ ਲੱਗੀ ਸੀ।" ਮਾਈ ਨੇ ਕੰਜੂਸੀ ਦਿਖਾਈ।

ਮੁਸਾਫ਼ਰ ਵੀ ਮਾਈ ਦੀ ਕੰਜੂਸੀ ਨੂੰ ਤਾੜ ਗਿਆ।

"ਅੱਛਾ, ਜੇ ਕੁਛ ਨਹੀਂ ਹੈ ਤਾਂ ਨਾ ਸਹੀ," ਮੁਸਾਫ਼ਰ ਨੇ ਆਖਿਆ।

ਥੋੜ੍ਹੇ ਚਿਰ ਪਿੱਛੋਂ ਉਹ ਰਸੋਈ ਵਿੱਚ ਪਏ ਘੋਟਣੇ ਨੂੰ ਵੇਖ ਕੇ ਬੋਲਿਆ,

"ਮਾਈ ! ਜੇ ਹੋਰ ਕੁਛ ਨਹੀਂ ਤਾਂ ਉਸ ਘੋਟਣੇ ਦੀ ਖੀਰ ਹੀ ਧਰ ਲੈਂਦੇ ਆਂ।"

"ਘੋਟਣੇ ਦੀ ਖੀਰ! ਵੇ, ਤੂੰ ਕਿਤੇ ਝੱਲਾ ਤਾਂ ਨਹੀਂ ?"

"ਮੈਂ ਹੁਣੇ ਬਣਾ ਕੇ ਦੱਸਦਾਂ। ਤੂੰ ਬੱਸ, ਮੈਨੂੰ ਪਤੀਲਾ ਤਾਂ ਦੇ।"

ਮਾਈ ਪਤੀਲਾ ਲੈ ਆਈ।ਮੁਸਾਫ਼ਰ ਨੇ ਚੁੱਲ੍ਹੇ ਵਿੱਚ ਅੱਗ ਬਾਲ਼ੀ,

ਪਤੀਲੇ ਵਿੱਚ ਪਾਣੀ ਪਾਇਆ ਅਤੇ ਅੱਗ ਉੱਤੇ ਰੱਖ ਦਿੱਤਾ।

ਮਾਈ ਕੋਲ਼ ਖੜ੍ਹੀ ਹੈਰਾਨ ਹੋਈ ਸਭ ਵੇਖ ਰਹੀ ਸੀ।ਮੁਸਾਫ਼ਰ ਨੇ ਕੁਝ ਗਰਮ ਪਾਣੀ ਕੜਛੀ 'ਚ ਲਿਆ ਤੇ ਉਗਲ਼ ਲਾ ਕੇ ਮੂੰਹ ਨੂੰ ਲਾਇਆ।

"ਬੱਸ, ਖੀਰ ਤਾਂ ਤਿਆਰ ਹੀ ਸਮਝੋ।ਜੇ ਭੋਰਾ ਕੁ ਖੰਡ ਮਿਲ਼ ਜਾਵੇ ਤਾਂ......... "ਖੰਡ ! ਖੰਡ ਮੈਂ ਹੁਣੇ ਲੈ ਕੇ ਆਈ" ਮਾਈ ਨੇ ਕਿਹਾ।

ਪਤੀਲੇ 'ਚ ਪਾਣੀ ਰਿੱਝ ਰਿਹਾ ਸੀ ਤੇ ਮਾਈ ਪਤੀਲੇ 'ਚ ਖੜ੍ਹੇ ਘੋਟਣੇ ਨੂੰ ਹੈਰਾਨੀ ਨਾਲ਼ ਵੇਖ ਰਹੀ ਸੀ।

ਮੁਸਾਫ਼ਰ ਨੇ ਖੰਡ ਪਤੀਲੇ 'ਚ ਸੁੱਟੀ ਤੇ ਉਸ ਨੂੰ ਕੜਛੀ ਨਾਲ਼ ਹਿਲਾਉਣ ਲੱਗ ਪਿਆ।ਉਹਨੇ ਫੇਰ ਕੁਝ ਗਰਮ ਪਾਣੀ ਕੜਛੀ 'ਚ ਲਿਆ ਤੇ ਉਂਗਲ਼ ਡੁਬੋ ਕੇ ਮੂੰਹ ਨੂੰ ਲਾਈ।

"ਹੁਣ, ਜੇ ਥੋੜ੍ਹਾ ਦੁੱਧ ਮਿਲ਼ ਜਾਵੇ ਤਾਂ ਬੱਸ ਕਮਾਲ ਹੀ ਹੋ ਜਾਵੇ।"

ਮਾਈ ਅੰਦਰੋਂ ਦੁੱਧ ਦਾ ਡੋਲੂ ਭਰ ਲਿਆਈ ਤੇ ਪਤੀਲੇ 'ਚ ਪਾ ਦਿੱਤਾ।

"ਜੇ ਕਿਤੇ ਦੋ ਮੁੱਠਾਂ ਚੌਲ਼ ਮਿਲ਼ ਜਾਣ ਤਾਂ ਫਿਰ ਵੇਖੋ ਕੀ ਸੁਆਦ ਬਣਦਾ ਏ।" ਮੁਸਾਫ਼ਰ ਕੜਛੀ ਮਾਰਦਾ ਬੋਲਿਆ। ਵਿੱਚ-ਵਿੱਚ ਉਹ ਘੋਟਣੇ ਨੂੰ ਵੀ ਘੁਮਾ ਦਿੰਦਾ ਤੇ ਫੇਰ ਉਸੇ ਤਰ੍ਹਾਂ ਵਿਚਕਾਰ ਖੜ੍ਹਾ ਕਰ ਦਿੰਦਾ।

ਮੁਸਾਫ਼ਰ ਨੂੰ ਪਤਾ ਸੀ ਕਿ ਮਾਈ ਦਾ ਸਾਰਾ ਧਿਆਨ ਘੋਟਣੇ 'ਤੇ ਲੱਗਾ ਹੋਇਆ ਹੈ।ਮਾਈ ਘੋਟਣੇ ਵੱਲ ਟਿਕਟਿਕੀ ਲਾਈ ਵੇਖੀ ਜਾ ਰਹੀ ਸੀ।

"ਅਹਿ ਲੈ, ਜਿੰਨੇ ਪਾਉਣੇ ਨੇ, ਪਾ ਲੈ।"

ਮੁਸਾਫ਼ਰ ਚੌਲ਼ ਪਾ ਕੇ ਉਹਨਾਂ ਨੂੰ ਘੋਟਣੇ ਨਾਲ਼ ਰਲ਼ਾਉਣ ਲੱਗਾ।

"ਵਾਹ ! ਕਿੰਨੀ ਸੁਆਦਲੀ ਖੀਰ ਬਣੀ ਹੈ," ਉਹ ਪਤੀਲੇ 'ਚ ਘੋਟਣਾ ਫੇਰਦਿਆਂ ਹੋਇਆਂ ਬੋਲਿਆ।

"ਬੱਸ, ਜ਼ਰਾ ਬਦਾਮਾਂ ਦੀਆਂ ਗਿਰੀਆਂ ਮਿਲ਼ ਜਾਣ......।"

ਮਾਈ ਨੇ ਟੇਢੀ ਨਜ਼ਰ ਨਾਲ਼ ਮੁਸਾਫ਼ਰ ਵੱਲ ਵੇਖਿਆ ਤੇ ਫੇਰ ਉਹਨੇ ਅੰਦਰੋਂ ਬਦਾਮਾਂ ਦੀਆਂ ਗਿਰੀਆਂ ਲਿਆ ਕੇ ਪਤੀਲੇ ਵਿੱਚ ਸੁੱਟ ਦਿੱਤੀਆਂ।

"ਹੁਣ ਮਾਈ, ਦੋ ਬਾਟੀਆਂ ਤੇ ਦੋ ਚਮਚੇ ਲੈ ਆ, ਖੀਰ ਤਾਂ ਬਣੀ ਸਮਝ।"

ਮੁਸਾਫ਼ਰ ਨੇ ਘੋਟਣੇ ਸਮੇਤ ਪਤੀਲਾ ਚੁੱਲ੍ਹੇ ਉੱਤੋਂ ਲਾਹ ਲਿਆ।

ਮਾਈ ਨੇ ਖੀਰ ਖਾਧੀ ਤੇ ਕਹਿਣ ਲੱਗੀ, "ਹੈਂ ! ਏਨੀ ਸੁਆਦ ਖੀਰ !"

"ਮੈਨੂੰ ਨਹੀਂ ਸੀ ਪਤਾ, ਘੋਟਣੇ ਦੀ ਖੀਰ ਵੀ ਏਨੀ ਸੁਆਦੀ ਹੋ ਸਕਦੀ ਹੈ।"

"ਪਰ ਜੇ ਕਿਤੇ ਖੀਰ 'ਚ ਖੋਪਾ ਤੇ ਸੌਗੀ ਦੇ ਚਾਰ ਦਾਣੇ ਵੀ ਪੈ ਜਾਂਦੇ ਤਾਂ ਇਹਦਾ ਸੁਆਦ ਹੋਰ ਵੀ ਦੂਣਾ ਹੁੰਦਾ।" ਇਹ ਕਹਿ ਕੇ ਮਾਈ ਆਪ ਹੀ ਅੰਦਰੋਂ ਦੋਵੇਂ ਚੀਜ਼ਾਂ ਲੈ ਆਈ ਤੇ ਖੀਰ 'ਚ ਰਲ਼ਾ ਦਿੱਤੀਆਂ।

ਫਿਰ ਮੁਸਾਫ਼ਰ ਤੇ ਮਾਈ ਦੋਵੇਂ ਘੋਟਣੇ ਦੀ ਖੀਰ ਖਾਈ ਗਏ ਤੇ ਹੱਸੀ ਗਏ।

## ਪਾਠ-ਅਭਿਆਸ

**1. ਦੱਸੋ :-**

(ੳ) ਰਾਤ ਨੂੰ ਮੁਸਾਫ਼ਰ ਕਿਸ ਦੇ ਘਰ ਰਿਹਾ?

(ਅ) ਮੁਸਾਫ਼ਰ ਨੇ ਖੀਰ ਬਣਾਉਣ ਲਈ ਸਭ ਤੋਂ ਪਹਿਲਾਂ ਬੁੱਢੀ ਔਰਤ ਨੂੰ ਕੀ ਲਿਆਉਣ ਲਈ ਕਿਹਾ?

(ੲ) ਅੰਤ ਵਿੱਚ ਮੁਸਾਫ਼ਰ ਨੇ ਬੁੱਢੀ ਔਰਤ ਕੋਲ਼ੋਂ ਕਿਹੜੀਆਂ ਚੀਜ਼ਾਂ ਦੀ ਮੰਗ ਕੀਤੀ ?

(ਸ) ਮੁਸਾਫ਼ਰ ਨੇ ਬੁੱਢੀ ਨੂੰ ਕੀ ਬਣਾ ਕੇ ਖੁਆਇਆ?

2. ਢੁਕਵੇਂ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :-

(ੳ) ਮੁਸਾਫ਼ਰ ਨੇ ਇੱਕ ____________ ਦਾ ਬੂਹਾ ਖੜਕਾਇਆ।

(ਅ) ਮੈਂ ਤਾਂ ਆਪ ਅੱਜ ____________ ਸੌਣ ਲੱਗੀ ਸੀ।

(ੲ) ਮੁਸਾਫ਼ਰ ਬੁੱਢੀ ਦੀ ____________ ਨੂੰ ਤਾੜ ਗਿਆ।

(ਸ) ਮਾਈ ____________ ਵੱਲ ਟਿਕਟਿਕੀ ਲਾਈ ਵੇਖੀ ਜਾ ਰਹੀ ਸੀ।

(ਹ) ਮੈਨੂੰ ਨਹੀਂ ਸੀ ਪਤਾ ਕਿ ____________ ਵੀ ਏਨੀ ਸੁਆਦੀ ਹੋ ਸਕਦੀ ਹੈ।

3. ਹੇਠਾਂ ਲਿਖੇ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੇ ਸਮਾਨਾਰਥੀ ਹਿੰਦੀ ਭਾਸ਼ਾ ਦੇ ਸ਼ਬਦ ਲਿਖੋ :-

(ੳ) ਪੁਰਾਣਾ

(ਅ) ਗੱਡੀਆਂ

(ੲ) ਮੰਜਾ

(ਸ) ਪਤੀਲਾ

(ਹ) ਕੌਲੀ

4. ਹੇਠ ਲਿਖੇ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਦਿੱਤੇ ਸ਼ਬਦ-ਜੋੜਾਂ ਨੂੰ ਸਮਝੋ :-

| | | |
|---|---|---|
| (ੳ) | ਘਰ | धर |
| (ਅ) | ਭੁੱਖ | भूख |
| (ੲ) | ਸਮਝ | समझ |
| (ਸ) | ਖੀਰ | खीर |
| (ਹ) | ਆਪਣਾ | अपना |

5. ਖੀਰ ਬਣਾਉਣ ਦੀ ਵਿਧੀ ਬਾਰੇ ਆਪਣੇ ਮਾਤਾ ਜੀ ਨਾਲ਼ ਵਿਚਾਰ ਸਾਂਝੇ ਕਰੋ।

*****

## ਪਾਠ 3

# ਰੱਸੀ-ਟੱਪਾ



ਰੱਸੀ- ਟੱਪਾ ਇੱਕ ਬਹੁਤ ਪੁਰਾਣੀ ਖੇਡ ਹੈ। ਸਾਡੇ ਦੇਸ ਤੋਂ ਬਿਨਾਂ ਇਹ ਹੋਰ ਦੇਸਾਂ ਵਿੱਚ ਵੀ ਖੇਡੀ ਜਾਂਦੀ ਹੈ। ਭਾਵੇਂ ਇਸ ਖੇਡ ਨੂੰ ਹਰ ਉਮਰ ਦੇ ਮੁੰਡੇ-ਕੁੜੀਆਂ ਖੇਡਦੇ ਹਨ ਪਰ ਕੁੜੀਆਂ ਵਿੱਚ ਇਹ ਖੇਡ ਵਧੇਰੇ ਹਰਮਨ-ਪਿਆਰੀ ਹੈ।

ਪੁੱਗਣ ਨਾਲ਼, ਟਾਸ ਪਾ ਕੇ ਜਾਂ ਆਪਸੀ ਸਹਿਮਤੀ ਨਾਲ਼ ਰੱਸੀ-ਟੱਪਣ ਦੀ ਵਾਰੀ ਮਿਥੀ ਜਾਂਦੀ ਹੈ। ਇਸ ਖੇਡ ਲਈ ਇੱਕ ਲੰਮੀ ਤੇ ਮਜ਼ਬੂਤ ਰੱਸੀ ਦੀ ਜ਼ਰੂਰਤ ਹੁੰਦੀ ਹੈ। ਆਮ ਤੌਰ 'ਤੇ ਵਾਰੀ ਸਿਰ ਇੱਕ-ਇੱਕ ਕੁੜੀ ਹੀ ਰੱਸੀ ਟੱਪਦੀ ਹੈ ਪਰ ਕਈ ਵਾਰ ਕੁੜੀਆਂ ਜੋਟੀਆਂ ਵੀ ਬਣਾ ਲੈਂਦੀਆਂ ਹਨ। ਰੱਸੀ ਟੱਪਣ ਵਾਲ਼ੀ ਕੁੜੀ ਦੇ ਉਦੋਂ ਤੱਕ ਟੱਪੇ ਗਿਣੇ ਜਾਂਦੇ ਹਨ ਜਦੋਂ ਤਕ ਰੱਸੀ ਉਸ ਦੇ ਪੈਰਾਂ ਵਿੱਚ ਨਹੀਂ ਅਟਕ ਜਾਂਦੀ ।

ਜਦੋਂ ਇਕੱਲੀ ਕੁੜੀ ਰੱਸੀ ਟੱਪਦੀ ਹੈ ਤਾਂ ਉਹ ਇੱਕ ਥਾਂ ਉੱਤੇ ਖੜ੍ਹੀ ਹੋ ਕੇ ਰੱਸੀ ਦੇ ਦੋਂਹਾਂ ਸਿਰਿਆਂ ਨੂੰ ਹੱਥਾਂ ਵਿੱਚ ਫੜ ਕੇ ਰੱਸੀ ਨੂੰ ਘੁਮਾਉਂਦੀ ਹੈ ਅਤੇ ਦੋਂਹਾਂ ਪੈਰਾਂ ਹੇਠੋਂ ਇੱਕੋ ਵਾਰੀ ਲੰਘਾ ਕੇ ਰੱਸੀ ਨੂੰ ਟੱਪਦੀ ਹੈ। ਜਦੋਂ ਤੱਕ ਰੱਸੀ ਉਸ ਦੇ ਪੈਰਾਂ ਵਿੱਚ ਨਹੀਂ ਅੜਦੀ ਉਦੋਂ ਤੱਕ ਉਹ ਰੱਸੀ ਟੱਪਦੀ ਰਹਿੰਦੀ ਹੈ ਜਾਂ ਫਿਰ ਥੱਕ ਜਾਣ ਕਾਰਨ ਵੀ ਉਹ ਰੱਸੀ ਟੱਪਣਾ ਬੰਦ ਕਰ ਸਕਦੀ ਹੈ।

ਜਦੋਂ ਕੁੜੀਆਂ ਇੱਕ ਤੋਂ ਵੱਧ ਹੋਣ ਤਾਂ ਇੱਕੋ ਜੋਟੀ ਦੀਆਂ ਦੋ ਕੁੜੀਆਂ ਰੱਸੀ ਦੇ ਦੋਂਹਾਂ ਸਿਰਿਆਂ ਨੂੰ ਆਪਣੇ-ਆਪਣੇ ਹੱਥਾਂ ਵਿੱਚ ਘੁੱਟ ਕੇ ਫੜ ਲੈਂਦੀਆਂ ਹਨ ਅਤੇ ਕਿਸੇ ਖੁੱਲ੍ਹੀ ਥਾਂ 'ਤੇ ਖੜ੍ਹ ਕੇ ਰੱਸੀ ਨੂੰ ਘੁਮਾਉਂਦੀਆਂ ਹਨ। ਇਸ ਘੁੰਮਦੀ ਹੋਈ ਰੱਸੀ ਅੰਦਰ ਇੱਕ ਕੁੜੀ ਵੀ ਟੱਪ ਸਕਦੀ ਹੈ ਅਤੇ ਦੋ ਕੁੜੀਆਂ ਵੀ ਟੱਪ ਸਕਦੀਆਂ ਹਨ। ਇਹ ਕੁੜੀਆਂ ਸੱਜੇ ਪਾਸੇ ਤੋਂ ਰੱਸੀ ਦੇ ਅੰਦਰ ਆ ਕੇ ਰੱਸੀ ਟੱਪਦੀਆਂ ਹਨ ਅਤੇ ਥੱਕ ਜਾਣ 'ਤੇ ਖੱਬੇ ਪਾਸੇ ਤੋਂ ਬਾਹਰ ਨਿਕਲ਼ ਜਾਂਦੀਆਂ ਹਨ। ਆਮ ਤੌਰ 'ਤੇ ਇਹ ਕੁੜੀਆਂ ਉਦੋਂ ਤੱਕ ਰੱਸੀ ਟੱਪਦੀਆਂ ਹਨ ਜਦੋਂ ਤੱਕ ਰੱਸੀ ਉਹਨਾਂ ਦੇ ਪੈਰਾਂ ਵਿੱਚ ਅੜ ਨਹੀਂ ਜਾਂਦੀ। ਪੈਰਾਂ ਵਿੱਚ ਰੱਸੀ ਅੜਨ ਨਾਲ਼ ਰੱਸੀ-ਟੱਪਣ ਵਾਲ਼ੀਆਂ ਕੁੜੀਆਂ ਦੀ ਵਾਰੀ ਮੁੱਕ ਜਾਂਦੀ ਹੈ। ਫਿਰ ਦੂਜੀਆਂ ਕੁੜੀਆਂ ਰੱਸੀ ਟੱਪਣ ਲੱਗਦੀਆਂ ਹਨ। ਜਿਸ ਕੁੜੀ ਜਾਂ ਕੁੜੀਆਂ ਦੀ ਜੋਟੀ ਦੇ ਲਗਾਤਾਰ ਜ਼ਿਆਦਾ ਟੱਪੇ ਹੁੰਦੇ ਹਨ, ਉਹਨਾਂ ਨੂੰ ਜੇਤੂ ਮੰਨਿਆ ਜਾਂਦਾ ਹੈ।

ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਰੱਸੀ ਟੱਪਣ ਦਾ ਮਹੱਤਵ ਬਹੁਤ ਵਧ ਗਿਆ ਹੈ ਕਿਉਂਕਿ ਇਸ ਨਾਲ਼ ਸਰੀਰ ਦੀ ਕਸਰਤ ਹੋ ਜਾਂਦੀ ਹੈ ਅਤੇ ਸਰੀਰ ਤੰਦਰੁਸਤ ਰਹਿੰਦਾ ਹੈ

## ਪਾਠ-ਅਭਿਆਸ

**1. ਦੱਸੋ :-**

(ੳ) ਰੱਸੀ - ਟੱਪਾ ਖੇਡ ਵਿੱਚ ਵਾਰੀ ਕਿਵੇਂ ਮਿਥੀ ਜਾਂਦੀ ਹੈ ?

(ਅ) ਰੱਸੀ - ਟੱਪਾ ਖੇਡ ਖੇਡਣ ਲਈ ਕਿਸ ਚੀਜ਼ ਦੀ ਜ਼ਰੂਰਤ ਹੁੰਦੀ ਹੈ ?

(ੲ) ਰੱਸੀ - ਟੱਪਾ ਖੇਡ ਵਿੱਚ ਜੇਤੂ ਕਿਸ ਨੂੰ ਮੰਨਿਆ ਜਾਂਦਾ ਹੈ ?

**2 ਖ਼ਾਲੀ ਥਾਂਵਾਂ ਭਰੋ :-**

(ੳ) ਰੱਸੀ - ਟੱਪਾ ਇੱਕ ਬਹੁਤ____________ ਖੇਡ ਹੈ।

(ਅ) ਕੁੜੀਆਂ ਵਿੱਚ ਰੱਸੀ – ਟੱਪਾ ਖੇਡ ਵਧੇਰੇ ______________ ਹੈ।

(ੲ) ਰੱਸੀ ਟੱਪਣ ਨਾਲ਼ ਸਰੀਰ ______________ ਰਹਿੰਦਾ ਹੈ।

3. **ਹੇਠ ਲਿਖੇ ਪੰਜਾਬੀ ਸ਼ਬਦਾਂ ਦੇ ਸਮਾਨਾਰਥੀ ਹਿੰਦੀ ਭਾਸ਼ਾ ਦੇ ਸ਼ਬਦ ਲਿਖੋ :-**

(ੳ) ਕੁੜੀਆਂ :

(ਅ) ਉਮਰ :

(ੲ) ਦੋਂਹਾਂ :

(ਸ) ਅੰਦਰ : T

(ਹ) ਖੱਬੇ :

(ਕ) ਸੱਜੇ :

4. ਕੋਈ ਪੰਜ ਲੋਕ–ਖੇਡਾਂ ਬਾਰੇ ਅਧਿਆਪਕ ਤੋਂ ਜਾਣਕਾਰੀ ਪ੍ਰਾਪਤ ਕਰੋ।

*****

## ਪਾਠ 4

# ਗੁਣਵਾਨ ਕਹਾਓ

ਬੱਚਿਓ ! ਚੰਗੇ ਗੁਣ ਅਪਣਾਓ,
ਪੜ੍ਹ- ਲਿਖ ਕੇ ਗੁਣਵਾਨ ਕਹਾਓ।

ਮਿਹਨਤ ਦਾ ਗਹਿਣਾ ਅਨਮੋਲ,
ਰੱਖੋ ਸਦਾ ਏਸ ਨੂੰ ਕੋਲ਼।
ਜੀਵਨ ਆਪਣਾ ਸਫ਼ਲ ਬਣਾਓ,
ਬੱਚਿਓ ! ਚੰਗੇ ...............

ਨਵੀਆਂ - ਨਵੀਆਂ ਗੱਲਾਂ ਸਿੱਖੋ,
ਜੀਵਨ ਵਿੱਚ ਨਿਸ਼ਾਨੇ ਮਿਥੋ ।
ਮੰਜ਼ਲ ਦੇ ਵੱਲ ਕਦਮ ਵਧਾਓ ,
ਬੱਚਿਓ ! ਚੰਗੇ ...............

ਆਪਣੇ ਸਮੇਂ ਦੀ ਕਦਰ ਜੋ ਕਰਦੇ,
ਸੱਭੋ ਕੁਝ ਉਹ ਪ੍ਰਾਪਤ ਕਰਦੇ।
ਇੱਕ ਪਲ ਵੀ ਨਾ ਵਿਅਰਥ ਗੁਆਓ,
ਬੱਚਿਓ ! ਚੰਗੇ ...............

'ਘਰ ਦਾ ਕੰਮ' ਸਦਾ ਕਰ ਕੇ ਜਾਓ,
ਅੱਜ ਦਾ ਕੰਮ ਨਾ ਕੱਲ੍ਹ 'ਤੇ ਪਾਓ।
ਜੋ ਪੜ੍ਹਿਆ ਮਨ ਵਿੱਚ ਵਸਾਓ ,
ਬੱਚਿਓ ! ਚੰਗੇ ...............

ਵੱਡਿਆਂ ਦਾ ਸਤਿਕਾਰ ਕਰੋ ਤੇ
ਛੋਟਿਆਂ ਦੇ ਨਾਲ਼ ਪਿਆਰ ਕਰੋ।
ਜੀ ਕਹੋ ਤੇ ਜੀ ਅਖਵਾਓ,
ਬੱਚਿਓ! ਚੰਗੇ ਗੁਣ ਅਪਣਾਓ,
ਪੜ੍ਹ-ਲਿਖ ਕੇ ਗੁਣਵਾਨ ਕਹਾਓ।

## ਪਾਠ-ਅਭਿਆਸ

**1. ਦੱਸੋ :-**

ੳ) ਕਵਿਤਾ ਅਨੁਸਾਰ ਬੱਚੇ ਪੜ੍ਹ- ਲਿਖ ਕੇ ਕੀ ਕਹਾਉਂਦੇ ਹਨ ?

ਅ) ਸਭ ਕੁਝ ਕਿਸ ਨੂੰ ਪ੍ਰਾਪਤ ਹੁੰਦਾ ਹੈ।

ੲ) ਇਸ ਕਵਿਤਾ ਤੋਂ ਸਾਨੂੰ ਕੀ ਸਿੱਖਿਆ ਮਿਲ਼ਦੀ ਹੈ ?

**2. ਖ਼ਾਲੀ ਥਾਂਵਾਂ ਭਰੋ :-**

(ੳ) ਪੜ੍ਹ- ਲਿਖ ਕੇ __________ ਕਹਾਓ।

ਅ) ਮਿਹਨਤ ਦਾ ਗਹਿਣਾ __________ ।

ੲ) ਇੱਕ ਪਲ ਵੀ ਨਾ __________ ਗੁਆਓ।

ਸ) ਵੱਡਿਆਂ ਦਾ __________ ਕਰੋ।

**3. ਹੇਠ ਲਿਖੀਆਂ ਸਤਰਾਂ ਨੂੰ ਸੁੰਦਰ ਕਰਕੇ ਲਿਖੋ :-**

ਵੱਡਿਆਂ ਦਾ ਸਤਿਕਾਰ ਕਰੋ ਤੇ
ਛੋਟਿਆਂ ਦੇ ਨਾਲ਼ ਪਿਆਰ ਕਰੋ।
ਜੀ ਕਹੋ ਤੇ ਜੀ ਅਖਵਾਓ,
ਬੱਚਿਓ! ਚੰਗੇ ਗੁਣ ਅਪਣਾਓ।

4. **ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰੋ ਅਤੇ ਆਪਣੀ ਸਵੇਰ ਦੀ ਸਭਾ ਵਿੱਚ ਸੁਣਾਓ।**

*****

# ਪਾਠ 5

## ਕਲੰਡਰ

**January**

| Sun | Mon | Tue | Wed | Thu | Fri | Sat |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

**February**

| Sun | Mon | Tue | Wed | Thu | Fri | Sat |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | |

**March**

| Sun | Mon | Tue | Wed | Thu | Fri | Sat |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

**April**

| Sun | Mon | Tue | Wed | Thu | Fri | Sat |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

**May**

| Sun | Mon | Tue | Wed | Thu | Fri | Sat |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

**June**

| Sun | Mon | Tue | Wed | Thu | Fri | Sat |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

**July**

| Sun | Mon | Tue | Wed | Thu | Fri | Sat |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

**August**

| Sun | Mon | Tue | Wed | Thu | Fri | Sat |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

**September**

| Sun | Mon | Tue | Wed | Thu | Fri | Sat |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

**October**

| Sun | Mon | Tue | Wed | Thu | Fri | Sat |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

**November**

| Sun | Mon | Tue | Wed | Thu | Fri | Sat |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | | | | | | |

**December**

| Sun | Mon | Tue | Wed | Thu | Fri | Sat |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | 31 | | | |

ਇਹ ਕਲੰਡਰ ਹੈ। ਇਹ ਮਹੀਨੇ ਦੱਸਦਾ ਹੈ। ਹਫ਼ਤੇ ਅਤੇ ਦਿਨ ਦੱਸਦਾ ਹੈ। ਹਰ ਦਿਨ ਦੀ ਤਰੀਖ਼ ਦੱਸਦਾ ਹੈ। ਸਾਲ ਵਿੱਚ ਬਾਰਾਂ ਮਹੀਨੇ ਹੁੰਦੇ ਹਨ। ਇਹਨਾਂ ਦੇ ਨਾਂ ਜਨਵਰੀ, ਫ਼ਰਵਰੀ, ਮਾਰਚ, ਅਪਰੈਲ, ਮਈ, ਜੂਨ, ਜੁਲਾਈ, ਅਗਸਤ, ਸਤੰਬਰ, ਅਕਤੂਬਰ, ਨਵੰਬਰ ਅਤੇ ਦਸੰਬਰ ਹਨ। ਜਨਵਰੀ, ਮਾਰਚ, ਮਈ, ਜੁਲਾਈ, ਅਗਸਤ, ਅਕਤੂਬਰ ਅਤੇ ਦਸੰਬਰ ਇਕੱਤੀ ਦਿਨਾਂ ਦੇ ਹੁੰਦੇ ਹਨ। ਅਪਰੈਲ, ਜੂਨ, ਸਤੰਬਰ ਅਤੇ ਨਵੰਬਰ ਤੀਹ ਦਿਨਾਂ ਦੇ ਹੁੰਦੇ ਹਨ। ਫ਼ਰਵਰੀ ਅਠਾਈ ਦਿਨਾਂ ਦਾ ਹੁੰਦਾ ਹੈ। ਹਰ ਚੌਥੇ ਸਾਲ ਫ਼ਰਵਰੀ ਦਾ ਮਹੀਨਾ ਉਣੱਤੀ ਦਿਨਾਂ ਦਾ ਹੁੰਦਾ ਹੈ। ਉਸ ਨੂੰ ਲੀਪ – ਸਾਲ ਕਹਿੰਦੇ ਹਨ। ਹਫ਼ਤੇ ਵਿੱਚ ਸੱਤ ਦਿਨ ਹੁੰਦੇ ਹਨ। ਇਹਨਾਂ ਦੇ ਨਾਂ ਸੋਮਵਾਰ, ਮੰਗਲ਼ਵਾਰ, ਬੁੱਧਵਾਰ, ਵੀਰਵਾਰ, ਸ਼ੁੱਕਰਵਾਰ, ਸਨਿੱਚਰਵਾਰ ਅਤੇ ਐਤਵਾਰ ਹਨ। ਕਲੰਡਰ ਵਿੱਚ ਵਿਸ਼ੇਸ਼ ਦਿਨ ਤੇ ਤਿਉਹਾਰ ਵੀ ਦਰਜ ਹੁੰਦੇ ਹਨ। ਇਹਨਾਂ ਦਿਨਾਂ 'ਤੇ ਹੋਣ ਵਾਲ਼ੀਆਂ ਛੁੱਟੀਆਂ ਦੀ ਸੂਚੀ ਵੀ ਲਿਖੀ ਹੁੰਦੀ ਹੈ।

## ਪਾਠ–ਅਭਿਆਸ

1. ਦੱਸੋ :-

(ੳ) ਕਲੰਡਰ ਤੋਂ ਕੀ ਜਾਣਕਾਰੀ ਮਿਲ਼ਦੀ ਹੈ ?

(ਅ) ਸਾਲ ਵਿੱਚ ਕਿੰਨੇ ਮਹੀਨੇ ਹੁੰਦੇ ਹਨ ?

(ੲ) ਇਕੱਤੀ ਦਿਨ ਕਿਹੜੇ – ਕਿਹੜੇ ਮਹੀਨਿਆਂ ਦੇ ਹੁੰਦੇ ਹਨ ?

(ਸ) ਹਫ਼ਤੇ ਵਿੱਚ ਕਿੰਨੇ ਦਿਨ ਹੁੰਦੇ ਹਨ ?

**2. ਖ਼ਾਲੀ ਥਾਂਵਾਂ ਭਰੋ :-**

(ੳ) ਸਾਲ ਦਾ ਪਹਿਲਾ ਮਹੀਨਾ ____________ ਹੁੰਦਾ ਹੈ।

(ਅ) ਹਰ ____________ ਸਾਲ ਫ਼ਰਵਰੀ ਦਾ ਮਹੀਨਾ ਉਣੱਤੀ ਦਿਨਾਂ ਦਾ ਹੁੰਦਾ ਹੈ।

(ੲ) ਕਲੰਡਰ ਵਿੱਚ ਤਿਉਹਾਰ ਅਤੇ ਵਿਸ਼ੇਸ਼ ਦਿਨਾਂ ਨੂੰ ਹੋਣ ਵਾਲ਼ੀਆਂ____________ ਦਰਜ ਹੁੰਦੀਆਂ ਹਨ।

(ਸ) ਹਫ਼ਤੇ ਦੇ ____________ ਵਾਲ਼ੇ ਦਿਨ ਸਾਡੇ ਸਕੂਲ ਵਿੱਚ ਛੁੱਟੀ ਹੁੰਦੀ ਹੈ।

3. **ਹਫ਼ਤੇ ਦੇ ਦਿਨਾਂ ਦੇ ਨਾਂ ਪੰਜਾਬੀ ਅਤੇ ਹਿੰਦੀ ਵਿੱਚ ਲਿਖੋ। ਦੋਂਹਾਂ ਦੇ ਸ਼ਬਦ-ਜੋੜਾਂ ਵਿੱਚ ਅੰਤਰ ਪਛਾਣੋ।**

4. **ਅਧਿਆਪਕ ਵਿਦਿਆਰਥੀਆਂ ਨੂੰ ਦੇਸੀ ਮਹੀਨਿਆਂ ਬਾਰੇ ਜਾਣਕਾਰੀ ਦੇਣ।**

*****

ਪਾਠ 6

# ਲੱਲੋ-ਬੱਲੋ ਦਾ ਨਾਨਕਾ-ਮੇਲ਼



ਬਹੁਤ ਪੁਰਾਣੀ ਗੱਲ ਹੈ। ਓਨੀ ਪੁਰਾਣੀ ਜਦੋਂ ਤੁਹਾਡਾ ਨਾਨਾ ਵੀ ਛੋਟਾ ਹੁੰਦਾ ਸੀ। ਲੱਲੋ-ਬੱਲੋ ਦੋ ਸਕੀਆਂ ਭੈਣਾਂ ਸਨ। ਉਹਨਾਂ ਵਿਚਾਰੀਆਂ ਨੂੰ ਇੱਕ ਵੀ ਗੀਤ ਯਾਦ ਨਹੀਂ ਸੀ ਜਦੋਂ ਕਿ ਉਹਨਾਂ ਦੀਆਂ ਸਹੇਲੀਆਂ ਨੂੰ ਸੌ-ਸੌ ਗੀਤ ਆਉਂਦੇ ਸਨ।

ਉਹ ਆਪਣੀ ਭੂਆ ਦੇ ਪੁੱਤਰ ਦੇ ਵਿਆਹ 'ਤੇ ਜਾ ਰਹੀਆਂ ਸਨ। ਕੱਚੇ ਰਾਹ ਸਨ। ਸਭ ਤੁਰ ਕੇ ਜਾਂਦੇ, ਸੋਹਣੇ ਕੱਪੜੇ ਪਾ ਕੇ। ਗੱਲਾਂ ਕਰਦੀਆਂ-ਕਰਦੀਆਂ ਉਹ ਆਪਣੇ ਪਰਿਵਾਰ ਨਾਲ਼ੋਂ ਪਿੱਛੋਂ ਰਹਿ ਗਈਆਂ। ਉਹਨਾਂ ਨੂੰ ਚਿੰਤਾ ਸੀ ਕਿ ਉਹਨਾਂ ਨੂੰ ਵਿਆਹ ਵਿੱਚ ਗਾਏ ਜਾਣ ਵਾਲ਼ੇ ਗੀਤ ਨਹੀਂ ਆਉਂਦੇ। ਜਦੋਂ ਵਿਆਹ 'ਚ ਸਾਰੀਆਂ ਮੇਲਣਾਂ ਗੀਤ ਗਾਉਣਗੀਆਂ ਤਾਂ ਕੀ ਉਹ ਚੁੱਪ ਬੈਠੀਆਂ ਰਹਿਣਗੀਆਂ ? ਬੱਲੋ ਵੱਡੀ ਸੀ, ਥੋੜ੍ਹੀ ਸਿਆਣੀ ਵੀ ਸੀ।

ਬੱਲੋ ਨੇ ਸਕੀਮ ਸੋਚੀ। ਲੱਲੋ ਨੂੰ ਕਿਹਾ ! ਆਪਾਂ ਜਾਂਦੀਆਂ-ਜਾਂਦੀਆਂ ਗੀਤ ਜੋੜ ਲੈਂਦੀਆਂ ਹਾਂ। ਤੂੰ ਆਸੇ-ਪਾਸੇ ਨਿਗ੍ਹਾ ਰੱਖ, ਜਿਹੜੀ ਚੀਜ਼ ਤੈਨੂੰ ਦਿਸੇ ਮੈਨੂੰ ਦੱਸ ਦੇਈਂ, ਮੈਂ ਉਸ 'ਤੇ ਗੀਤ ਜੋੜ ਦੇਵਾਂਗੀ।"

ਲੱਲੋ ਨੇ ਵੇਖਿਆ ! ਇੱਕ ਝਾੜੀ 'ਚ ਖ਼ਰਗੋਸ਼ ਲੁਕਿਆ ਬੈਠਾ ਸੀ। ਬੱਲੋ ਨੇ ਗੀਤ ਜੋੜਿਆ :

ਲੁਕਿਆ-ਛੁਪਿਆ ਬੈਠੈਂ ਵੇ,

ਲੁਕਿਆ-ਛੁਪਿਆ ਬੈਠੈਂ।

ਉਹ ਹੋਰ ਅੱਗੇ ਤੁਰਦੀਆਂ ਗਈਆਂ। ਅੱਗੇ ਚੂਹਾ ਖੁੱਡ ਪੁੱਟੀ ਜਾ ਰਿਹਾ ਸੀ। ਖੁੱਡ ਵਿੱਚੋਂ ਰੇਤਾ ਬਾਹਰ ਸੁੱਟੀ ਜਾ ਰਿਹਾ ਸੀ। ਬੱਲੋ ਨੇ ਗੀਤ ਜੋੜਿਆ:

ਅੰਦਰੋਂ ਪੁੱਟ-ਪੁੱਟ,
ਬਾਹਰ ਢੇਰੀ ਲਾਉਨੈਂ ।
ਅੰਦਰੋਂ ਸੁੱਟਦੈਂ ਵੇ,
ਬਾਹਰ ਢੇਰੀ ਲਾਉਨੈਂ।

ਉਹ ਹੋਰ ਅੱਗੇ ਗਈਆਂ ਤਾਂ ਦੇਖਿਆ ਕਿ ਇੱਕ ਖੇਤ ਵਿੱਚ ਇੱਕ ਕਿਰਸਾਣ ਕੱਖਾਂ ਦੀ ਪੰਡ ਬੰਨ੍ਹੀ ਜਾ ਰਿਹਾ ਸੀ। ਹੁਣ ਲੱਲੋ ਨੇ ਵੀ ਗੀਤ ਜੋੜ ਦਿਤਾ:-

ਪੰਡਾਂ ਬੰਨ੍ਹੀ ਜਾਨੈਂ ਵੇ,
ਪੰਡਾਂ ਬੰਨ੍ਹੀ ਜਾਨੈਂ।

ਉਹਨਾਂ ਨੂੰ ਵੇਖ ਕੇ ਨਾਲ਼ ਦੇ ਖੇਤ ਵਿੱਚੋਂ ਇੱਕ ਗਿੱਦੜ ਡਰ ਕੇ ਭੱਜ ਗਿਆ। ਦੋਂਹਾਂ ਨੇ ਸਾਂਝਾ ਗੀਤ ਜੋੜਿਆ:-

ਭੱਜਿਆ-ਭੱਜਿਆ ਜਾਨੈਂ ਵੇ,
ਉੱਡਿਆ-ਉੱਡਿਆ ਜਾਨੈਂ

ਏਨੇ ਨੂੰ ਉਹਨਾਂ ਦਾ ਨਾਨਕਾ ਪਿੰਡ ਆ ਗਿਆ। ਦੋਵੇਂ ਆਪਣੇ ਜੋੜੇ ਗੀਤਾਂ ਕਾਰਨ ਖ਼ੁਸ਼ ਸਨ।

ਰਾਤ ਨੂੰ ਜਦੋਂ ਕੁੜੀਆਂ ਗੀਤ ਗਾਉਣ ਲੱਗੀਆਂ ਤਾਂ ਲੱਲੋ-ਬੱਲੋ ਨੇ ਆਪਣਾ ਪਹਿਲਾ ਗੀਤ ਛੋਹਿਆ :-

ਲੁਕਿਆ-ਛੁਪਿਆ ਬੈਠੈਂ ਵੇ,
ਲੁਕਿਆ-ਛੁਪਿਆ ਬੈਠੈਂ।

ਘਰ ਦੇ ਪਿਛਵਾੜੇ ਲੱਡੂਆਂ ਵਾਲ਼ੀ ਕੋਠੜੀ ਦੇ ਪਿੱਛੇ ਇੱਕ ਚੋਰ ਲੁਕਿਆ ਬੈਠਾ ਸੀ। ਉਸ ਨੇ ਜਦੋਂ ਗੀਤ ਸੁਣਿਆ, ਉਹ ਡਰ ਗਿਆ। ਉਸ ਨੂੰ ਲੱਗਾ, ਜਿਵੇਂ ਕੁੜੀਆਂ ਉਸ ਨੂੰ ਹੀ ਕਹਿ ਰਹੀਆਂ ਹਨ :"ਲੁਕਿਆ-ਛੁਪਿਆ ਬੈਠੈਂ" ਉਹ ਚੁੱਪ-ਚਾਪ ਬੈਠਾ ਰਿਹਾ।

ਕੁਝ ਚਿਰ ਬਾਅਦ ਚੋਰ ਕੰਧ 'ਚ ਪਾੜ ਲਾਉਣ ਲੱਗਾ। ਉਹ ਕੱਚੀ ਕੰਧ 'ਚੋਂ ਮਿੱਟੀ ਪੁੱਟ-ਪੁੱਟ ਬਾਹਰ ਢੇਰੀ ਲਾ ਰਿਹਾ ਸੀ।

ਲੱਲੋ–ਬੱਲੋ ਨੇ ਅਗਲਾ ਗੀਤ ਛੋਹਿਆ :–

ਅੰਦਰੋਂ ਪੁੱਟ–ਪੁੱਟ,
ਬਾਹਰ ਢੇਰੀ ਲਾਉਨੈਂ।
ਅੰਦਰੋਂ ਸੁੱਟਦੈਂ ਵੇ,
ਬਾਹਰ ਢੇਰੀ ਲਾਉਨੈਂ।

ਉਹ ਡਰ ਗਿਆ। ਪਾੜ ਲਾਉਣਾ ਬੰਦ ਕਰ ਕੇ ਬੈਠਾ ਰਿਹਾ। ਜਦੋਂ ਅੱਧਾ ਘੰਟਾ ਬੀਤ ਗਿਆ, ਉਸ ਨੇ ਫਿਰ ਪਾੜ ਲਾਉਣਾ ਸ਼ੁਰੂ ਕਰ ਦਿੱਤਾ। ਪਾੜ ਪੂਰਾ ਕਰ ਕੇ ਅੰਦਰ ਲੱਡੂਆਂ ਵਾਲ਼ੀ ਕੋਠੜੀ ਵਿੱਚ ਵੜ ਗਿਆ। ਪਹਿਲਾਂ ਉਸ ਨੇ ਰੱਜ ਕੇ ਲੱਡੂ–ਜਲੇਬੀਆਂ ਖਾਧੀਆਂ। ਫਿਰ ਚਾਦਰ ਵਿੱਚ ਲੱਡੂ–ਜਲੇਬੀਆਂ ਦੀ ਪੰਡ ਬੰਨ੍ਹਣ ਲੱਗਾ। ਲੱਲੋ–ਬੱਲੋ ਨੇ ਆਪਣਾ ਅਗਲਾ ਗੀਤ ਛੋਹਿਆ

ਪੰਡਾਂ ਬੰਨ੍ਹੀ ਜਾਨੈਂ ਵੇ,
ਪੰਡਾਂ ਬੰਨ੍ਹੀ ਜਾਨੈਂ।

ਚੋਰ ਡਰ ਗਿਆ। ਉਸ ਨੂੰ ਪੂਰਾ ਵਿਸ਼ਵਾਸ ਹੋ ਗਿਆ ਕਿ ਕੁੜੀਆਂ ਉਸ ਨੂੰ ਵੇਖ ਕੇ ਹੀ ਗੀਤ ਗਾ ਰਹੀਆਂ ਹਨ। ਉਹ ਲੱਡੂਆਂ ਦੀ ਪੰਡ ਉੱਥੇ ਹੀ ਰੱਖ ਕੇ ਬਾਹਰ ਨੂੰ ਭੱਜ ਪਿਆ।

ਕੁੜੀਆਂ ਨੇ ਆਪਣਾ ਆਖ਼ਰੀ ਗੀਤ ਗਾਇਆ :

ਭੱਜਿਆ–ਭੱਜਿਆ ਜਾਨੈਂ ਵੇ,
ਉੱਡਿਆ–ਉੱਡਿਆ ਜਾਨੈਂ।

ਚੋਰ ਡਰ ਕੇ ਹੋਰ ਤੇਜ਼ ਦੌੜਨ ਲੱਗਾ। ਸਵੇਰ ਹੋਈ। ਸਭ ਨੇ ਵੇਖਿਆ ਕਿ ਲੱਡੂਆਂ ਵਾਲ਼ੀ ਕੋਠੜੀ ’ਚ ਪਾੜ ਲੱਗਿਆ ਹੋਇਆ ਹੈ ਪਰ ਲੱਡੂ – ਜਲੇਬੀਆਂ ਬਚ ਗਏ ਹਨ।

ਸਾਰਾ ਪਰਿਵਾਰ ਲੱਲੋ–ਬੱਲੋ ਦੀ ਸਿਆਣਪ ’ਤੇ ਬਹੁਤ ਖ਼ੁਸ਼ ਹੋਇਆ। ਉਹਨਾਂ ਨੇ ਵਿਆਹ ਦੇ ‘ਰੰਗ ਵਿੱਚ ਭੰਗ’ ਪੈਣੋਂ ਬਚਾ ਲਿਆ ਸੀ।

*****

## ਪਾਠ-ਅਭਿਆਸ

1. **ਦੱਸੋ :-**

(ੳ) ਲੱਲ੍ਹੋ ਤੇ ਬੱਲ੍ਹੋ ਨੂੰ ਕਿਸ ਗੱਲ ਦੀ ਚਿੰਤਾ ਸੀ ?

(ਅ) ਲੱਲ੍ਹੋ ਤੇ ਬੱਲ੍ਹੋ ਨੇ ਕਿਹੜੀਆਂ-ਕਿਹੜੀਆਂ ਚੀਜ਼ਾਂ ਨੂੰ ਵੇਖ ਕੇ ਗੀਤ ਜੋੜੇ ?

(ੲ) ਵਿਆਹ ਵਾਲ਼ੇ ਘਰ ਵਿੱਚੋਂ ਚੋਰ ਕਿਹੜੀਆਂ ਚੀਜ਼ਾਂ ਚੋਰੀ ਕਰਨਾ ਚਾਹੁੰਦਾ ਸੀ ?

2. **ਖ਼ਾਲੀ ਸਥਾਨ ਭਰੋ :-**

(ੳ) ਇੱਕ ਝਾੜੀ 'ਚ ____________ਲੁਕਿਆ ਬੈਠਾ ਸੀ।

(ਅ) ਇੱਕ ਖੇਤ ਵਿੱਚ ਇੱਕ ਕਿਰਸਾਣ___________ ਦੀ ਪੰਡ ਬੰਨ੍ਹੀ ਜਾ ਰਿਹਾ ਸੀ।

(ੲ) ਉਸ ਨੂੰ ਪੂਰਾ ____________ ਹੋ ਗਿਆ ਕਿ ਕੁੜੀਆਂ ਉਸ ਨੂੰ ਵੇਖ ਕੇ ਹੀ ਗੀਤ ਗਾ ਰਹੀਆਂ ਹਨ।

(ਸ) ਸਾਰਾ ਪਰਿਵਾਰ ਲੱਲ੍ਹੋ-ਬੱਲ੍ਹੋ ਦੀ ____________'ਤੇ ਬਹਤ ਖ਼ੁਸ਼ ਹੋਇਆ।

3. **ਹੇਠਾਂ ਗੁਰਮੁਖੀ ਅਤੇ ਦੇਵਨਾਗਰੀ ਵਿੱਚ ਦਿੱਤੇ ਸ਼ਬਦ- ਜੋੜਾਂ ਦੇ ਅੰਤਰ ਨੂੰ ਸਮਝੋ :-**

(ੳ) ਵਿਆਹ : विवाह

(ਅ) ਖ਼ਰਗੋਸ਼ : ख़रगोश

(ੲ) ਕਿਰਸਾਣ : किसान

(ਸ) ਗਿੱਦੜ : गीदड़

(ਹ) ਲੱਡੂ : लड्डू

(ਕ) ਪਰਿਵਾਰ : परिवार

4. **ਹੇਠ ਲਿਖੇ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੇ ਸਮਾਨਾਰਥੀ ਹਿੰਦੀ ਭਾਸ਼ਾ ਦੇ ਸ਼ਬਦ ਲਿਖੋ:**

(ੳ) ਖੁੱਡ :

(ਅ) ਪੰਡ :

(ੲ) ਭੱਜ :

(ਸ) ਖਾਧੀ :

(ਹ) ਸਿਆਣੀ :

5. **ਵਿਦਿਆਰਥੀ ਕਿਸੇ ਅੱਖੀਂ-ਡਿੱਠੇ ਵਿਆਹ ਬਾਰੇ ਆਪਣੀ ਸ਼੍ਰੇਣੀ ਵਿੱਚ ਦੱਸਣ।**

*****

ਪਾਠ 7

# ਪਾਣੀ ਦੀ ਸੰਭਾਲ਼

ਪਾਣੀ ਦੀ ਸਾਨੂੰ ਲੋੜ ਬੜੀ ਹੈ,
ਕਦਰ ਏਸ ਦੀ ਪਾਓ ।
ਬਿਨਾਂ ਲੋੜ ਤੋਂ ਪਾਣੀ ਐਵੇਂ,
ਡੋਲ੍ਹੀ ਨਾ ਤੁਸੀਂ ਜਾਓ।





ਖਾਣ-ਪੀਣ ਤੇ ਨ੍ਹਾਉਣ-ਧੋਣ ਦੇ,
ਇਹ ਪਾਣੀ ਕੰਮ ਆਵੇ।
ਸਾਡੇ ਖੇਤਾਂ ਨੂੰ ਇਹ ਸਿੰਜ ਕੇ,
ਫ਼ਸਲਾਂ ਵੀ ਉਪਜਾਵੇ।

ਜੀਵ-ਜੰਤ ਤੇ ਪਸ਼ੂ-ਪੰਛੀਆਂ,
ਨੂੰ ਜੀਵਨ ਇਹ ਦੇਵੇ।
ਇਸ ਦੇ ਸਦਕਾ ਸਾਨੂੰ ਮਿਲ਼ਦੇ,
ਖਾਣ ਨੂੰ ਮਿੱਠੇ ਮੇਵੇ।



ਆਓ ਆਪਾਂ ਲੋਕਾਂ ਤਾਈਂ,
ਇਸ ਦਾ ਮੁੱਲ ਸਮਝਾਈਏ।
ਪਾਣੀ ਬਾਝੋਂ ਜਿਊਂਣਾ ਔਖਾ,
ਇੱਕ-ਇੱਕ ਬੂੰਦ ਬਚਾਈਏ।

*****

## ਪਾਠ-ਅਭਿਆਸ

**1. ਦੱਸੋ:**

(ੳ) ਇਸ ਕਵਿਤਾ ਵਿੱਚ ਕਿਸ ਚੀਜ਼ ਦੀ ਕਦਰ ਕਰਨ ਲਈ ਕਿਹਾ ਗਿਆ ਹੈ ?

(ਅ) ਪਾਣੀ ਦੀ ਵਰਤੋਂ ਕਿਹੜੇ-ਕਿਹੜੇ ਕੰਮਾਂ ਲਈ ਕੀਤੀ ਜਾਂਦੀ ਹੈ ?

(ੲ) ਪਾਣੀ ਦਾ ਮਨੁੱਖੀ ਜੀਵਨ ਨਾਲ਼ ਕੀ ਸੰਬੰਧ ਹੈ ?

**2. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ:**

ਪਾਣੀ, ਕਦਰ, ਖੇਤ, ਫ਼ਸਲ, ਪੰਛੀ, ਮੁੱਲ

**3. ਖ਼ਾਲੀ ਸਥਾਨ ਭਰੋ :-**

1. ਪਾਣੀ ਦੀ __________ ਬੜੀ ਹੈ।
2. ਸਾਡੇ ਖੇਤਾਂ ਨੂੰ ਇਹ ਸਿੰਜ ਕੇ, __________ ਵੀ ਉਪਜਾਵੇ।
3. ਇਸ ਦੇ ਸਦਕਾ ਸਾਨੂੰ ਮਿਲ਼ਦੇ, ਖਾਣ ਨੂੰ __________।

**4. ਹੇਠ ਲਿਖੀਆਂ ਸਤਰਾਂ ਨੂੰ ਸੁੰਦਰ ਕਰਕੇ ਲਿਖੋ:**

ਪਾਣੀ ਬਾਝੋਂ ਜਿਊਂਣਾ ਔਖਾ,
ਇੱਕ-ਇੱਕ ਬੂੰਦ ਬਚਾਈਏ।

*****

## ਪਾਠ 8

# ਮੋਰ ਰਾਜਾ ਬਣਿਆ



**ਜੰਗਲ਼** ਦੇ ਪੰਛੀਆਂ ਨੇ ਇੱਕ ਬਾਜ਼ ਨੂੰ ਆਪਣਾ ਰਾਜਾ ਚੁਣ ਲਿਆ। ਰਾਜਾ ਬਣਨ ਵੇਲ਼ੇ ਬਾਜ਼ ਨੇ ਸਾਰੇ ਪੰਛੀਆਂ ਦੀ ਸੁਰੱਖਿਆ ਦਾ ਜ਼ੁੰਮਾ ਲਿਆ ਸੀ। ਕੁਝ ਦੇਰ ਮਗਰੋਂ ਬਾਜ਼ ਮਨਮਾਨੀਆਂ ਕਰਨ ਲੱਗ ਪਿਆ। ਹੰਕਾਰੇ ਬਾਜ਼ ਦੀਆਂ ਜ਼ਿਆਦਤੀਆਂ ਕਾਰਨ ਪੰਛੀਆਂ ਵਿੱਚ ਰੋਸ ਦੀ ਲਹਿਰ ਦੌੜ ਗਈ। ਇੱਕ ਮਤਾ ਪਾਸ ਕਰਕੇ ਬਾਜ਼ ਤੋਂ ਰਾਜ ਖੋਹ ਲਿਆ ਗਿਆ।

ਪੰਛੀਆਂ ਦੀ ਦੁਬਾਰਾ ਬੈਠਕ ਹੋਈ। ਜ਼ੁਲਮਾਂ ਤੋਂ ਤੰਗ ਆਏ ਨਿੱਕੇ-ਨਿੱਕੇ ਪੰਛੀਆਂ ਦਾ ਵਿਚਾਰ ਸੀ ਕਿ ਇਸ ਵਾਰ ਮੋਰ ਨੂੰ ਰਾਜਾ ਬਣਾਇਆ ਜਾਵੇ। ਇੱਕ ਤਾਂ ਇਹ ਵੇਖਣ ਨੂੰ ਸੋਹਣਾ ਲੱਗਦਾ ਹੈ ਤੇ ਦੂਜਾ ਕਿਸੇ ਪੰਛੀ ਨੂੰ ਤੰਗ ਨਹੀਂ ਕਰਦਾ। ਵਿਚਾਰ ਜੁੜਦੇ ਗਏ ਤੇ ਮੋਰ ਦੇ ਹੱਕ ਵਿੱਚ ਪਲੜਾ ਭਾਰੂ ਹੋ ਗਿਆ। ਕੁਝ ਬਾਜ਼ਾਂ ਨੇ ਇੱਕ ਉੱਲੂ ਦੇ ਹੱਕ ਵਿੱਚ ਦਲੀਲਾਂ ਦਿੱਤੀਆਂ। ਉਹਨਾਂ ਦਾ ਕਹਿਣਾ ਸੀ ਕਿ ਵੇਖੋ ਇਹ ਉੱਲੂ ਦਿਨ ਵੇਲ਼ੇ ਤੁਹਾਡੀ ਅਜ਼ਾਦੀ ਵਿੱਚ ਕਦੇ ਵਿਘਨ ਨਹੀਂ ਪਾਉਂਦਾ ਤੇ ਦੂਜਾ ਤੁਹਾਡੀਆਂ ਰਾਤਾਂ ਦਾ ਇਹ ਪਹਿਰੇਦਾਰ ਹੈ। ਰਾਤ ਦੇ ਹਨੇਰੇ ਦੀ ਆੜ ਵਿੱਚ ਹੋ ਰਹੇ ਗ਼ਲਤ ਕੰਮਾਂ ਬਾਰੇ ਸਭ ਤੋਂ ਵੱਧ ਉੱਲੂ ਹੀ ਜਾਣਦਾ ਹੈ। ਬਹੁਮਤ ਮੋਰ ਦੇ ਹੱਕ ਵਿੱਚ ਸੀ। ਮੋਰ ਨੂੰ ਰਾਜਾ ਤੇ ਉੱਲੂ ਨੂੰ ਰਾਤ ਦਾ ਵਜ਼ੀਰ ਬਣਾ ਦਿੱਤਾ ਗਿਆ।

ਰਾਜਾ ਬਣ ਕੇ ਮੋਰ ਨੇ ਕੁਝ ਕਲਾਕਾਰ ਪੰਛੀਆਂ ਨੂੰ ਆਪਣੀ ਵਜ਼ਾਰਤ ਵਿੱਚ ਸ਼ਾਮਲ ਕਰਨ ਦਾ ਮਨ ਬਣਾਇਆ। ਉਸ ਨੇ ਬਿਜੜੇ ਨੂੰ ਬੁਣਤੀ-ਕਲਾ ਲਈ, ਚੀਨੇ ਕਬੂਤਰ ਨੂੰ ਉੱਚੀ ਉਡਾਣ ਲਈ, ਕੋਇਲ ਨੂੰ ਉਸ ਦੀ ਮਿੱਠੀ ਅਵਾਜ਼ ਲਈ ਅਤੇ ਤਿੱਤਰ ਨੂੰ 'ਭਗਵਾਨ ਤੇਰੀ ਕੁਦਰਤ' ਗਾਉਣ ਲਈ ਵਜ਼ੀਰ ਥਾਪ ਦਿੱਤਾ।

ਇੱਕ ਦਿਨ ਪੰਛੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਮੋਰ ਬੋਲਿਆ, "ਮੈਂ ਤੁਹਾਡਾ ਦਿਨ-ਰਾਤ ਦਾ ਪਹਿਰੇਦਾਰ ਹਾਂ। ਕਿਸੇ ਸ਼ਿਕਾਰੀ ਦੀ ਗੋਲ਼ੀ ਦੀ ਅਵਾਜ਼ ਜਾਂ ਬੱਦਲ਼ਾਂ ਦੀ ਕੜਕਦੀ ਅਵਾਜ਼ ਸਭ ਤੋਂ ਪਹਿਲਾਂ ਮੈਨੂੰ ਸੁਣਾਈ ਦਿੰਦੀ ਹੈ। ਮੈਂ ਉਸ ਵਕਤ ਤੁਹਾਨੂੰ ਸੁਚੇਤ ਕਰਨ ਲਈ ਉੱਚੀ-ਉੱਚੀ ਕੂਕਦਾ ਹਾਂ। ਕਿਸੇ ਵੀ ਖ਼ੁਸ਼ੀ ਦੇ ਮੌਕੇ 'ਤੇ ਮੈਂ ਮਸਤ ਹੋ ਕੇ ਪੈਲ ਪਾਉਂਦਾ ਹਾਂ ਤਾਂਜੋ ਵੇਖਣ ਵਾਲ਼ਿਆਂ ਦੇ ਹਿਰਦੇ ਖਿੜ ਜਾਣ, ਕੋਈ ਸੱਪ-ਸਲੂਟੀ ਜੋ ਤੁਹਾਡੇ ਆਲ੍ਹਣਿਆਂ ਵਿੱਚ ਜਾ ਕੇ ਬੋਟਾਂ ਅਤੇ ਆਂਡਿਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ, ਮੈਂ ਉਸ ਨੂੰ ਮਾਰ ਮੁਕਾਉਂਦਾ ਹਾਂ। ਅੱਵਲ ਤਾਂ ਜਿੱਥੇ ਮੈਂ ਹੁੰਦਾ ਹਾਂ, ਸੱਪ ਡਰਦਾ ਮਾਰਿਆ ਆਪਣੇ-ਆਪ ਹੀ ਭੱਜ ਜਾਂਦਾ ਹੈ।

ਮੋਰ ਨੇ ਆਪਣੀ ਗੱਲ ਜਾਰੀ ਰੱਖਦੇ ਹੋਏ ਕਿਹਾ ਕਿ ਮੈਂ ਅਜਿਹਾ ਸਾਰਾ ਕੁਝ ਕਰਕੇ ਤੁਹਾਡੇ 'ਤੇ ਕੋਈ ਅਹਿਸਾਨ ਨਹੀਂ ਕਰਦਾ । ਤੁਸੀਂ ਤਾਂ ਰੱਬ ਦੇ ਦਰਵੇਸ਼ ਹੋ। ਤੁਸੀਂ ਦਾਣਾ-ਦਾਣਾ ਚੁਗ ਕੇ ਪੇਟ ਭਰਦੇ ਹੋ। ਕੋਈ ਪੰਡਾਂ ਨਹੀਂ ਬੰਨ੍ਹਦੇ। ਕੱਲ੍ਹ ਦੇ ਰਿਜ਼ਕ ਦੀ ਆਸ ਉਸ ਮਾਲਕ 'ਤੇ ਛੱਡ ਦਿੰਦੇ ਹੋ। ਕਿਸੇ ਨੇ ਸੱਚ ਹੀ ਕਿਹਾ ਹੈ, 'ਪੱਲੇ ਰਿਜ਼ਕ ਨਾ ਬੰਨ੍ਹਦੈ, ਪੰਛੀ ਤੇ ਦਰਵੇਸ਼।' ਸੱਚ ਜਾਣਿਓ, ਤੁਹਾਡੀ ਸੇਵਾ ਕਰਕੇ ਮੈਂ ਅਨੰਦਿਤ ਹੋਇਆ ਮਹਿਸੂਸ ਕਰਦਾ ਹਾਂ। ਮੈਂ ਇਹ ਵੀ ਵਾਇਦਾ ਕਰਦਾ ਹਾਂ ਕਿ ਜੇ ਮੈਂ ਰਾਜਾ ਨਾ ਵੀ ਬਣਿਆ ਤਾਂ ਵੀ ਮੇਰੀ ਇਹ ਸੇਵਾ ਤੁਹਾਡੇ ਸਭ ਲਈ ਜਾਰੀ ਰਹੇਗੀ ਕਿਉਂਕਿ ਸੇਵਾ ਕਰਨ ਲਈ ਕਿਸੇ ਅਹੁਦੇ ਦੀ ਲੋੜ ਨਹੀਂ ਹੁੰਦੀ।"

ਮੋਰ ਦੀ ਅਜਿਹੀ ਭਾਵ-ਭਿੰਨੀ ਤਕਰੀਰ ਸੁਣ ਕੇ ਪੰਛੀਆਂ ਦੇ ਮਨਾਂ ਵਿੱਚ ਮੋਰ ਬਾਰੇ ਆਦਰ ਹੋਰ ਵਧ ਗਿਆ। ਪੰਛੀਆਂ ਨੇ ਵਿਚਾਰ ਕੀਤਾ ਕਿ ਮੋਰ ਨੇ ਸਾਡੀ ਦਰਵੇਸ਼ੀ ਬਾਰੇ ਅਹਿਸਾਸ ਕਰਵਾ ਕੇ ਸਾਡਾ ਸਿਰ ਉੱਚਾ ਕੀਤਾ ਹੈ। ਆਉਣ ਵਾਲ਼ੇ ਸਮੇਂ ਲਈ ਵੀ ਪੱਕੇ ਤੌਰ 'ਤੇ ਸੇਵਾਦਾਰ ਬਣੇ ਰਹਿਣ ਦਾ ਵਚਨ ਦਿੱਤਾ ਹੈ। ਚੰਗੇ ਕੱਦ-ਕਾਠ ਵਾਲ਼ੇ, ਸੁੰਦਰ ਖ਼ੰਭਾਂ ਦੀ ਰੰਗਦਾਰ ਦਮਕੜਿਆਂ ਵਾਲ਼ੀ ਲੰਮੀ ਪੂਛ ਵਾਲ਼ੇ, ਨੀਲੀ-ਚਮਕੀਲੀ ਲੰਮੀ ਗਰਦਨ ਵਾਲ਼ੇ ਮੋਰ ਦੀ ਸ਼ਾਨ ਵਧਾਉਣ ਲਈ ਭਰੀ ਸਭਾ ਦੇ ਪੰਛੀਆਂ ਨੇ ਮੋਰ ਦੇ ਸਿਰ 'ਤੇ ਸੁਨਹਿਰੀ ਕਲਗੀ ਸਜਾ ਦਿੱਤੀ। ਪੰਛੀਆਂ ਦੇ ਇਸ ਫ਼ੈਸਲੇ ਤੋਂ ਖ਼ੁਸ਼ ਹੋ ਕੇ ਅਸੀਂ ਵੀ ਮੋਰ ਨੂੰ ਆਪਣਾ ਕੌਮੀ ਪੰਛੀ ਮੰਨ ਲਿਆ ਹੈ।

*****

## ਪਾਠ–ਅਭਿਆਸ

**1. ਦੱਸੋ :-**

ੳ) ਜੰਗਲ਼ ਦੇ ਪੰਛੀਆਂ ਨੇ ਬਾਜ਼ ਤੋਂ ਰਾਜ ਕਿਉਂ ਖੋਹ ਲਿਆ ?

ਅ) ਪੰਛੀਆਂ ਨੇ ਬਾਜ਼ ਤੋਂ ਰਾਜ ਖੋਹ ਕੇ ਕਿਸ ਨੂੰ ਰਾਜਾ ਬਣਾ ਦਿੱਤਾ ?

ੲ) ਉੱਲੂ ਨੂੰ ਕਿਹੜਾ ਅਹੁਦਾ ਦਿੱਤਾ ਗਿਆ ?

**ਮਿਲ਼ਾਨ ਕਰੋ :-**

| | |
|---|---|
| (ੳ) ਬਿਜੜਾ | ਭਗਵਾਨ ਤੇਰੀ ਕੁਦਰਤ |
| ਅ) ਚੀਨਾ ਕਬੂਤਰ | ਮਿੱਠੀ ਅਵਾਜ਼ |
| ੲ) ਕੋਇਲ | ਉੱਚੀ ਉਡਾਣ |
| ਹ) ਤਿੱਤਰ | ਬੁਣਤੀ ਕਲਾ |

**ਖ਼ਾਲੀ ਸਥਾਨ ਭਰੋ :-**

(ੳ) ਕੁਝ ਬਾਜ਼ਾਂ ਨੇ ___________ ਦੇ ਹੱਕ ਵਿੱਚ ਦਲੀਲਾਂ ਦਿੱਤੀਆਂ।

ਅ) ਮੋਰ ਨੇ ਕੁਝ ___________ ਪੰਛੀਆਂ ਨੂੰ ਆਪਣੀ ਵਜ਼ਾਰਤ ਵਿੱਚ ਸ਼ਾਮਲ ਕੀਤਾ।

ੲ) ਪੱਲੇ ਰਿਜ਼ਕ ਨਾ ਬੰਨ੍ਹਦੇ ਪੰਛੀ ਤੇ ____________ ।

ਸ) ਅਸੀਂ ਵੀ ਮੋਰ ਨੂੰ ਆਪਣਾ____________ ਪੰਛੀ ਮੰਨ ਲਿਆ ਹੈ।

**ਹੇਠ ਲਿਖੇ ਪੰਜਾਬੀ ਭਾਸ਼ਾ ਦੇ ਸ਼ਬਦਾਂ ਨੂੰ ਹਿੰਦੀ ਭਾਸ਼ਾ ਵਿੱਚ ਲਿਖੋ :-**

**ਰੋਸ**, ਅਜ਼ਾਦੀ, ਕੋਇਲ, ਆਲ੍ਹਣਾ, ਸ਼ਾਨ।

**ਆਪਣੀ ਕਾਪੀ ਵਿੱਚ ਮੋਰ ਦਾ ਚਿੱਤਰ ਬਣਾ ਕੇ ਰੰਗ ਭਰੋ।**

*****

ਪਾਠ 9

# ਪਿਆਰੇ ਪੰਛੀ



ਰੋਜ਼ ਸਵੇਰੇ ਸੁੱਤੇ ਉੱਠ ਕੇ,
ਘਰ ਦੀ ਛੱਤ 'ਤੇ ਜਾਈਏ ।
ਮੁੱਠੀਆਂ ਭਰ-ਭਰ ਪੰਛੀਆਂ ਤਾਈਂ,
ਚੋਗਾ ਅਸੀਂ ਖਿੰਡਾਈਏ।

ਮਿੱਟੀ ਦਾ ਇੱਕ ਖੁੱਲ੍ਹਾ ਭਾਂਡਾ,
ਧੋ ਪਾਣੀ ਨਾਲ਼ ਭਰੀਏ।
ਦੋਵੇਂ ਭੈਣ-ਭਰਾ ਫਿਰ ਇਸ ਨੂੰ,
ਛੱਤ ਉੱਤੇ ਜਾ ਧਰੀਏ।

ਭਾਂਤ-ਭਾਂਤ ਦੇ ਪੰਛੀ ਆ ਕੇ,
ਚੋਗਾ ਚੁਗ-ਚੁਗ ਜਾਵਣ।
ਚੁੰਝਾਂ ਦੇ ਨਾਲ਼ ਪਾਣੀ ਪੀ ਕੇ,
ਆਪਣੀ ਪਿਆਸ ਬੁਝਾਵਣ।

ਰੰਗ-ਬਰੰਗੇ ਪਿਆਰੇ ਪੰਛੀ,
ਖ਼ੂਬ ਰੌਣਕਾਂ ਲਾਉਂਦੇ ।
ਪੇਟ ਭਰਨ 'ਤੇ ਉੱਡ ਜਾਵਣ ਉਹ,
ਲਾਲਚ ਨਹੀਂ ਦਿਖਾਉਂਦੇ ।
ਇਸ ਕਾਰਨ ਹੀ ਸਾਰੇ ਪੰਛੀ,
ਸਾਡੇ ਮਨ ਨੂੰ ਭਾਉਂਦੇ।

*****

## ਪਾਠ-ਅਭਿਆਸ

**1. ਦੱਸੋ :-**

ੳ) ਬੱਚੇ ਹਰ **ਰੋਜ਼** ਛੱਤ 'ਤੇ ਕੀ ਕਰਨ ਜਾਂਦੇ ਹਨ ?

ਅ) ਬੱਚੇ ਪੰਛੀਆਂ ਲਈ ਪਾਣੀ ਕਿਸ ਭਾਂਡੇ ਵਿੱਚ ਰੱਖਦੇ ਹਨ ?

ੲ) ਬੱਚਿਆਂ ਦੇ ਮਨ ਨੂੰ ਪੰਛੀ ਕਿਉਂ ਭਾਉਂਦੇ ਹਨ ?

**ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ :-**

ਛੱਤ, ਚੋਗਾ ਚੁੰਝ, ਪਿਆਸ, ਰੰਗ-ਬਰੰਗੇ, ਪੰਛੀ

**ਖ਼ਾਲੀ ਸਥਾਨ ਭਰੋ :-**

ੳ) ਮੁੱਠੀਆਂ ਭਰ-ਭਰ ਪੰਛੀਆਂ ਤਾਈਂ, ਚੋਗਾ ________ ਖਿੰਡਾਈਏ।

ਅ) ਚੁੰਝਾਂ ਦੇ ਨਾਲ਼ ਪਾਣੀ ਪੀ ਕੇ, ਆਪਣੀ ਪਿਆਸ ________।


ੲ) ਇਸ ਕਾਰਨ ਸਾਰੇ ਪੰਛੀ, ਸਾਡੇ ਮਨ ਨੂੰ ________।

**ਇਸ ਕਵਿਤਾ ਨੂੰ ਜ਼ਬਾਨੀ ਯਾਦ ਕਰੋ।**

*****

ਪਾਠ 10

# ਸਾਈਕਲ ਨਾਲ਼ ਦੋਸਤੀ



ਬਬਲੂ ਨੂੰ ਸਾਈਕਲ ਚਲਾਉਣਾ ਨਹੀਂ ਸੀ ਆਉਂਦਾ। ਉਹਨੂੰ ਸਾਈਕਲ ਚਲਾਉਣ ਦੀ ਜਾਚ ਸਿੱਖਣ ਤੋਂ ਵੀ ਡਰ ਲੱਗਦਾ ਸੀ।

ਬਬਲੂ ਦੇ ਪਾਪਾ ਨੇ ਕਿਹਾ "ਤੂੰ ਸਾਈਕਲ ਦਾ ਦੋਸਤ ਬਣ। ਫੇਰ ਤੈਨੂੰ ਸਾਈਕਲ ਤੋਂ ਡਰ ਨਹੀਂ ਲੱਗੂ।"

ਪਰ ਉਹ ਸਾਈਕਲ ਦਾ ਦੋਸਤ ਕਿਸ ਤਰ੍ਹਾਂ ਬਣੇ ? ਪਿਤਾ ਨੇ ਦੱਸਿਆ, "ਜਦੋਂ ਇਹ ਤੇਰਾ ਦੋਸਤ ਬਣ ਜਾਊ, ਉਦੋਂ ਤੈਨੂੰ ਸਾਈਕਲ ਝੂਟੇ ਵੀ ਦਊ। ਤੈਨੂੰ ਸਕੂਲ ਲੈ ਕੇ ਜਾਊ, ਬਜ਼ਾਰ ਵੀ ਲੈ ਕੇ ਜਾਊ। ਤੇਰੇ ਨਾਲ਼ ਘੁੰਮੂ, ਖੇਡੂ। "

ਇੱਕ ਦਿਨ ਸਕੂਲ ਦਾ ਕੰਮ ਮੁਕਾ ਕੇ ਬਬਲੂ ਨੇ ਮਨ ਦੀ ਗੱਲ ਵੱਡੀ ਭੈਣ ਕੋਮਲ ਨਾਲ ਸਾਂਝੀ ਕੀਤੀ, "ਭੈਣ! ਲੋਕ ਸਕੂਟਰ, ਕਾਰ ਅਤੇ ਜਹਾਜ਼ ਕਿਵੇਂ ਚਲਾ ਲੈਂਦੇ ਨੇ ? ਮੈਥੋਂ ਤਾਂ ਸਾਈਕਲ ਹੀ

ਨਹੀਂ ਚਲਾਇਆ ਜਾਂਦਾ। ਮੈਨੂੰ ਡਰ ਲੱਗਦਾ ਰਹਿੰਦਾ ਏ ਕਿ ਮੈਂ ਡਿਗ ਪਊਂ ਤੇ ਮੇਰੇ ਸੱਟ ਲੱਗੂ।"

ਕੋਮਲ ਨੇ ਸਲਾਹ ਦਿਤੀ, "ਤੂੰ ਇਉਂ ਕਰ, ਪਹਿਲੋਂ ਕੈਂਚੀ ਸਿੱਖ ਲੈ, ਫੇਰ ਕਾਠੀ ਉੱਤੇ ਚੜ੍ਹ ਕੇ ਚਲਾਉਣਾ ਸਿੱਖੀਂ। ਕੈਂਚੀ ਨਾਲ਼ ਨਾ ਡਿਗਣ ਦਾ ਡਰ ਹੁੰਦਾ ਹੈ ਤੇ ਨਾ ਹੀ ਸੱਟ ਲੱਗਣ ਦਾ । ਮੈਂ ਵੀ ਤਾਂ ਇਸ ਤਰ੍ਹਾਂ ਹੀ ਸਾਈਕਲ ਚਲਾਉਣਾ ਸਿੱਖਿਆ ਸੀ।"

ਉਸੇ ਸ਼ਾਮ ਸਾਰਾ ਪਰਿਵਾਰ ਇੱਕਠਾ ਬੈਠਾ ਹੋਇਆ ਸੀ। ਉਹ ਗੱਲਾਂ ਕਰ ਰਹੇ ਸਨ।

ਬਬਲੂ ਦੇ ਪਿਤਾ ਨੇ ਕਿਹਾ, "ਜੇ ਹਿੰਮਤ ਅਤੇ ਲਗਨ ਹੋਵੇ ਤਾਂ ਦੁਨੀਆ ਦਾ ਕੋਈ ਕੰਮ ਵੀ ਕਰਨਾ ਜਾਂ ਸਿੱਖਣਾ ਔਖਾ ਨਹੀਂ।"

"ਤੁਸੀਂ ਬਿਲਕੁਲ ਠੀਕ ਕਿਹਾ ਏ," ਬਬਲੂ ਦੀ ਮਾਂ ਨੇ ਪੁਰਾਣੀ ਗੱਲ ਚੇਤੇ ਕੀਤੀ। "ਬਬਲੂ ਪਹਿਲੋਂ ਹਿਸਾਬ ਅਤੇ ਸਾਇੰਸ ਦੇ ਵਿਸ਼ੇ ਤੋਂ ਕਿੰਨਾ ਡਰਦਾ ਸੀ। ਅੰਕ ਵੀ ਘੱਟ ਆਉਂਦੇ ਸਨ। ਫੇਰ ਬਬਲੂ ਨੇ ਲਗਨ ਅਤੇ ਭਰੋਸੇ ਨਾਲ਼ ਮਿਹਨਤ ਕੀਤੀ ਤੇ ਚੰਗੇ ਨੰਬਰਾਂ ਨਾਲ਼ ਪਾਸ ਹੋ ਗਿਆ।

ਪਰ ਸਾਈਕਲ ਚਲਾਉਣਾ !" —— ਨਹੀਂ ਮਾਂ! ਸਾਈਕਲ ਦੀ ਗੱਲ ਹੋਰ ਐ।" ਬਬਲੂ ਝਿਜਕਦਿਆਂ ਹੋਇਆ ਬੋਲਿਆ ।

ਉਸ ਵੇਲ਼ੇ ਬਬਲੂ ਦੇ ਪਿਤਾ ਨੇ ਗੱਲ ਬਦਲ ਦਿੱਤੀ।

ਸ਼ਹਿਰ ਵਿੱਚ ਸਰਕਸ ਆਈ ਹੋਈ ਸੀ। ਇੱਕ ਦੁਪਹਿਰ ਸਾਰੇ ਜਣੇ ਸਰਕਸ ਵੇਖਣ ਚਲੇ ਗਏ।

ਸਰਕਸ ਦੇ ਕਲਾਕਾਰਾਂ ਨੇ ਭਾਂਤ-ਭਾਂਤ ਦੇ ਕਰਤਬ ਕੀਤੇ।

ਉੱਥੇ ਕਿਸੇ ਲਈ ਕੁਝ ਵੀ ਕਰਨਾ ਔਖਾ ਨਹੀਂ ਸੀ, ਨਾ ਬੰਦਿਆਂ ਲਈ, ਨਾ ਜਾਨਵਰਾਂ ਲਈ।

ਜਦੋਂ ਹਾਥੀ ਨੇ ਸਾਈਕਲ ਚਲਾਇਆ ਤਾਂ ਬਬਲੂ ਹੈਰਾਨ ਰਹਿ ਗਿਆ।

ਫੇਰ ਇਕ ਤੋਤੇ ਨੇ ਗੋਲ਼ ਚੱਕਰ ਵਿੱਚ ਸਾਈਕਲ ਚਲਾਇਆ।

"ਇਹ ਹਾਥੀ ਤੇ ਤੋਤਾ ਕਿਵੇਂ ਸਾਈਕਲ ਚਲਾ ਲੈਂਦੇ ਨੇ ?" ਬਬਲੂ ਨੇ ਪੁੱਛਿਆ।

"ਅਭਿਆਸ ਨਾਲ਼, " ਬਬਲੂ ਦੇ ਪਿਤਾ ਨੇ ਮੁਸਕਰਾ ਕੇ ਦੱਸਿਆ।

ਬਬਲੂ ਦੀ ਉਦੋਂ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਇੱਕ ਨਿੱਕੀ ਕੁੜੀ ਇੱਕ ਪਹੀਏ ਵਾਲ਼ਾ ਸਾਈਕਲ ਚਲਾਉਣ ਲੱਗ ਪਈ।

ਸਰਕਸ ਦਾ ਸ਼ੋਅ ਮੁੱਕਿਆ ਤਾਂ ਉਹ ਘਰ ਨੂੰ ਤੁਰ ਪਏ।

ਉਹ ਆਪਸ ਵਿੱਚ ਸਰਕਸ ਦੇ ਕਰਤਬਾਂ ਬਾਰੇ ਗੱਲਾਂ ਕਰ ਰਹੇ ਸਨ ਪਰ ਬਬਲੂ ਚੁੱਪ ਸੀ।

ਇੱਕ ਤੋਤਾ ਸਾਈਕਲ ਚਲਾ ਸਕਦਾ ਸੀ।

ਇਕ ਹਾਥੀ ਸਾਈਕਲ ਚਲਾ ਸਕਦਾ ਸੀ।

ਨਿੱਕੀ ਜਿਹੀ ਕੁੜੀ ਇੱਕ ਪਹੀਏ ਵਾਲ਼ਾ ਸਾਈਕਲ ਚਲਾ ਸਕਦੀ ਸੀ।

ਬਬਲੂ ਨੂੰ ਆਪਣੇ ਉੱਤੇ ਗ਼ੁੱਸਾ ਆ ਗਿਆ। ਉਹ ਦੋ ਪਹੀਆਂ ਵਾਲ਼ਾ ਸਾਈਕਲ ਕਿਉਂ ਨਹੀਂ ਸੀ ਚਲਾ ਸਕਦਾ ? ਅਗਲੇ ਦਿਨ ਛੁੱਟੀ ਸੀ।

ਬਬਲੂ ਤੜਕਸਾਰ ਉੱਠਿਆ। ਉਹਨੇ ਕੱਪੜੇ ਨਾਲ਼ ਸਾਈਕਲ ਸਾਫ਼ ਕੀਤਾ ਤੇ ਕਾਠੀ ਨੂੰ ਪਲ਼ੋਸਦਿਆਂ ਬੋਲਿਆ, "ਸਾਈਕਲ ! ਸਾਈਕਲ ! ਅੱਜ ਤੋਂ ਤੂੰ ਮੇਰਾ ਦੋਸਤ ।"

ਤਿਆਰ ਹੋ ਕੇ ਉਹਨੇ ਗੁਆਂਢ ਰਹਿੰਦੇ ਆਪਣੇ ਜਮਾਤੀ ਨੂੰ ਬੁਲਾ ਲਿਆ।

ਦੋਵੇਂ ਸਾਈਕਲ ਲੈ ਕੇ ਸਕੂਲ ਦੇ ਮੈਦਾਨ ਵਿੱਚ ਚਲੇ ਗਏ।

ਬਬਲੂ ਪ੍ਰੇਰਨਾ ਅਤੇ ਜੋਸ਼ ਨਾਲ਼ ਭਰਿਆ ਹੋਇਆ ਸੀ।

ਸਾਈਕਲ ਚਲਾਉਣ ਦਾ ਅਭਿਆਸ ਕਰਦਿਆਂ ਉਹ ਕਈ ਵਾਰ ਡਿਗਿਆ ਵੀ ਪਰ ਵਾਰ-ਵਾਰ ਉੱਠ ਕੇ ਮੁੜ ਸਾਈਕਲ ਚਲਾਉਣ ਲੱਗ ਪੈਂਦਾ।

ਜਦੋਂ ਬਬਲੂ ਸਾਈਕਲ ਚਲਾਉਂਦਾ ਤਾਂ ਉਹਦਾ ਜਮਾਤੀ ਸਾਈਕਲ ਨੂੰ ਪਿੱਛੋਂ ਫੜ ਕੇ ਨਾਲ਼ ਦੌੜਨ ਲੱਗ ਪੈਂਦਾ। ਇਸ ਤਰ੍ਹਾਂ ਬਬਲੂ ਦੇ ਡਿਗਣ ਦਾ ਖ਼ਤਰਾ ਘਟ ਜਾਂਦਾ ।

ਉਸ ਦੁਪਹਿਰ ਘਰ ਦੇ ਜੀਆਂ ਨੇ ਹੈਰਾਨ ਹੋ ਕੇ ਵੇਖਿਆ। ਬਬਲੂ ਸਾਈਕਲ 'ਤੇ ਚੜ੍ਹਿਆ ਹੋਇਆ ਘਰ ਵੱਲ ਆ ਰਿਹਾ ਸੀ।

ਉਸ ਵੇਲ਼ੇ ਬਬਲੂ ਨੂੰ ਸਾਈਕਲ ਉੱਤੋਂ ਡਿਗਣ ਦਾ ਕੋਈ ਡਰ ਨਹੀਂ ਸੀ।

******

## ਪਾਠ-ਅਭਿਆਸ

1. ਦੱਸੋ :-

(ੳ) ਸਾਈਕਲ ਚਲਾਉਣਾ ਸਿੱਖਣ ਲਈ ਬਬਲੂ ਦੀ ਭੈਣ ਨੇ ਉਸ ਨੂੰ ਕੀ ਸਲਾਹ ਦਿੱਤੀ ?

(ਅ) ਬਬਲੂ ਸਰਕਸ ਵਿੱਚ ਕਿਸ ਨੂੰ ਸਾਈਕਲ ਚਲਾਉਂਦਿਆਂ ਦੇਖ ਕੇ ਹੈਰਾਨ ਹੋਇਆ ?

(ੲ) ਬਬਲੂ ਨੇ ਕਿਸ ਦੀ ਮਦਦ ਨਾਲ਼ ਸਾਈਕਲ ਚਲਾਉਣਾ ਸਿੱਖਿਆ ?

2. ਖ਼ਾਲੀ ਸਥਾਨ ਭਰੋ :-

(ੳ) ਬਬਲੂ ਨੂੰ ਸਾਈਕਲ ਚਲਾਉਣ ਦੀ _______ ਸਿੱਖਣ ਤੋਂ ਵੀ ਡਰ ਲੱਗਦਾ ਸੀ।

(ਅ) ਜੇ ਹਿੰਮਤ ਅਤੇ _____ ਹੋਵੇ ਤਾਂ ਦੁਨੀਆ ਦਾ ਕੋਈ ਕੰਮ ਵੀ ਕਰਨਾ ਔਖਾ ਨਹੀਂ।

(ੲ) ਤੋਤੇ ਨੇ _______ ਵਿੱਚ ਸਾਈਕਲ ਚਲਾਇਆ ।

(ਸ) ਇੱਕ ਨਿੱਕੀ ਜਿਹੀ ਕੁੜੀ _______ ਸਾਈਕਲ ਚਲਾਉਣ ਲੱਗ ਪਈ।

3. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ :-

ਸਾਈਕਲ, ਡਰ, ਹਿੰਮਤ, ਲਗਨ, ਸਰਕਸ।

4. ਹੇਠ ਲਿਖੇ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੇ ਸਮਾਨਾਰਥੀ ਹਿੰਦੀ ਭਾਸ਼ਾ ਦੇ ਸ਼ਬਦ ਲਿਖੋ :-

(ੳ) ਡਿਗ :

(ਅ) ਬਜ਼ਾਰ :

(ੲ) ਗੋਲ਼ ਚੱਕਰ :

(ਸ) ਗੱਲਾਂ :

(ਹ) ਤੁਰ ਪਏ :

5. ਅਧਿਆਪਕ ਵਿਦਿਆਰਥੀਆਂ ਨੂੰ ਸਾਈਕਲ ਚਲਾਉਣ ਦੇ ਲਾਭ ਦੱਸੇ।

*******

## ਪਾਠ 11

# ਮੇਰੇ ਦਾਦੀ ਜੀ



**ਮੇਰੇ** ਦਾਦੀ ਜੀ ਮੈਨੂੰ ਬਹੁਤ ਪਿਆਰ ਕਰਦੇ ਹਨ। ਉਹ ਮੇਰੇ ਪਿਤਾ ਜੀ ਦੇ ਮਾਤਾ ਜੀ ਹਨ। ਉਹ ਸਵੇਰੇ ਜਲਦੀ ਉੱਠ ਕੇ ਨ੍ਹਾ ਲੈਂਦੇ ਹਨ। ਉਹ ਸਾਫ਼-ਸੁਥਰੇ ਅਤੇ ਸਾਦੇ ਕੱਪੜੇ ਪਹਿਨਦੇ ਹਨ। ਉਹ ਐਨਕ ਲਾ ਕੇ ਅਖ਼ਬਾਰ ਪੜ੍ਹਦੇ ਹਨ।

ਦਾਦੀ ਜੀ ਸਾਨੂੰ ਦੋਂਹਾਂ ਭੈਣ-ਭਰਾਵਾਂ ਨੂੰ ਬਹੁਤ ਪਿਆਰ ਕਰਦੇ ਹਨ। ਉਹ ਸਾਨੂੰ ਸਵੇਰੇ ਜਲਦੀ ਜਗਾ ਦਿੰਦੇ ਹਨ। ਉਹ ਸਾਡੇ ਮਾਤਾ ਜੀ ਦੀ ਰਸੋਈ ਦੇ ਕੰਮ ਵਿੱਚ ਮਦਦ ਕਰਦੇ ਹਨ।

ਸਾਡੇ ਮਾਤਾ ਜੀ ਅਤੇ ਪਿਤਾ ਜੀ ਦੋਵੇਂ ਨੌਕਰੀ ਕਰਦੇ ਹਨ। ਸਕੂਲ ਤੋਂ ਵਾਪਸ ਆ ਕੇ ਅਸੀਂ ਦਾਦੀ ਜੀ ਕੋਲ਼ ਹੀ ਬੈਠਦੇ ਹਾਂ। ਉਹ ਸਾਡੇ ਲਈ ਖਾਣਾ ਪਰੋਸਦੇ ਹਨ। ਅਸੀਂ ਦਾਦੀ ਜੀ ਨੂੰ ਸਕੂਲ ਦੀਆਂ ਗੱਲਾਂ ਸੁਣਾਉਂਦੇ ਹਾਂ। ਦਾਦੀ ਜੀ ਸਾਨੂੰ ਕਹਾਣੀਆਂ ਵੀ ਸੁਣਾਉਂਦੇ ਹਨ। ਕਦੇ-ਕਦੇ ਉਹ ਸਾਥੋਂ ਬੁਝਾਰਤਾਂ ਵੀ ਪੁੱਛਦੇ ਹਨ। ਦਾਦੀ ਜੀ ਸਾਡੇ ਘਰ ਦੀ ਰੌਣਕ ਹਨ। ਉਹ ਸਾਨੂੰ ਆਪਣਾ ਕੰਮ ਆਪ ਕਰਨ ਦੀ ਸਿੱਖਿਆ ਦਿੰਦੇ ਹਨ।

ਦਾਦੀ ਜੀ ਸ਼ਾਮ ਨੂੰ ਸੈਰ ਕਰਨ ਲਈ ਜਾਂਦੇ ਹਨ। ਕਦੇ-ਕਦੇ ਅਸੀਂ ਵੀ ਉਹਨਾਂ ਦੇ ਨਾਲ਼ ਜਾਂਦੇ ਹਾਂ। ਸਾਨੂੰ ਆਪਣੇ ਦਾਦੀ ਜੀ ਨਾਲ਼ ਬਹੁਤ ਪਿਆਰ ਹੈ। ਸਾਨੂੰ ਉਹ ਬਹੁਤ ਚੰਗੇ ਲੱਗਦੇ ਹਨ।

## ਪਾਠ-ਅਭਿਆਸ

**1. ਦੱਸੋ :-**

(ੳ) ਪਿਤਾ ਜੀ ਦੇ ਮਾਤਾ ਬੱਚਿਆਂ ਦੇ ਕੀ ਲਗਦੇ ਹਨ ?

(ਅ) ਦਾਦੀ ਜੀ ਕਿਹੋ-ਜਿਹੇ ਕੱਪੜੇ ਪਹਿਨਦੇ ਹਨ ?

(ੲ) ਦਾਦੀ ਜੀ ਬੱਚਿਆਂ ਨੂੰ ਕੀ ਸਿੱਖਿਆ ਦਿੰਦੇ ਹਨ ?

**2. ਖ਼ਾਲੀ ਸਥਾਨ ਭਰੋ :-**

(ੳ) ਉਹ ਐਨਕ ਲਾ ਕੇ __________ ਪੜ੍ਹਦੇ ਹਨ।

(ਅ) ਦਾਦੀ ਜੀ ਸਾਨੂੰ ਬਹੁਤ __________ ਕਰਦੇ ਹਨ।

(ੲ) ਅਸੀਂ ਦਾਦੀ ਜੀ ਨੂੰ __________ ਦੀਆਂ ਗੱਲਾਂ ਸੁਣਾਉਂਦੇ ਹਾਂ।

(ਸ) ਦਾਦੀ ਜੀ ਸਾਡੇ ਘਰ ਦੀ __________ ਹਨ।

**3. ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ :-**

ਅਖ਼ਬਾਰ, ਪਿਆਰ, ਰਸੋਈ, ਸਕੂਲ, ਸੈਰ ।

**4. ਹੇਠ ਲਿਖੇ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੇ ਸਮਾਨਾਰਥੀ ਹਿੰਦੀ ਭਾਸ਼ਾ ਦੇ ਸ਼ਬਦ ਲਿਖੋ:-**

(ੳ) ਜਲਦੀ :

(ਅ) ਕੋਲ਼ :

(ੲ) ਗੱਲਾਂ :

(ਸ) ਕੰਮ :

(ਹ) ਸਿੱਖਿਆ :

| |
|---|
| ਆਪਣੇ ਦਾਦੀ ਜੀ ਦੀ ਫੋਟੋ ਆਪਣੀ ਕਾਪੀ ਵਿੱਚ ਚਿਪਕਾਓ ਅਤੇ ਉਹਨਾਂ ਦਾ ਨਾਂ ਲਿਖੋ। |

*****

## ਪਾਠ 12

# ਚੌਂਕ ਦੀਆਂ ਬੱਤੀਆਂ



ਵਿੱਚ ਚੁਰਸਤੇ ਲੱਗੀਆਂ ਬੱਤੀਆਂ,
ਸਭ ਨੂੰ ਕਰਨ ਇਸ਼ਾਰੇ ।
ਨੇਮਾਂ ਦੇ ਵਿੱਚ ਬੱਝੇ ਹੋਏ,
ਲੰਘਣ ਵਾਲ਼ੇ ਸਾਰੇ।

ਲਾਲ ਰੰਗ ਦੀ ਬੱਤੀ ਆਖੇ,
ਇੱਥੇ ਹੀ ਰੁਕ ਜਾਓ।
ਤਿਆਰ ਰਹਿਣ ਲਈ ਆਖੇ ਪੀਲ਼ੀ,
ਹਰੀ ਕਹੇ ਤੁਰ ਜਾਓ ।

ਜ਼ੈਬਰਾ-ਪੱਟੀ ਤੋਂ ਲਾਂਘੇ ਦਾ,
ਪੈਦਲਾਂ ਨੂੰ ਅਧਿਕਾਰ।
ਜਿਨ੍ਹਾਂ ਲੋਕਾਂ ਨੇ ਜਾਣਾ ਹੁੰਦਾ,
ਸੜਕ ਤੋਂ ਦੂਜੇ ਪਾਰ।

ਇਹ ਦੋਸਤ ਤਿੰਨ-ਰੰਗੀਆਂ,
ਦਿਨ-ਰਾਤੀਂ ਪਹਿਰੇਦਾਰ ।
ਵਾਰੀ-ਵਾਰੀ ਰੰਗ ਬਦਲ ਕੇ,
ਕਰਦੀਆਂ ਨੇ ਹੁਸ਼ਿਆਰ ।

*****

## ਪਾਠ-ਅਭਿਆਸ

**1. ਦੱਸੋ :-**

(ੳ) ਚੁਰਸਤੇ ਵਿੱਚ ਕਿੰਨੇ ਰੰਗਾਂ ਦੀਆਂ ਬੱਤੀਆਂ ਲੱਗੀਆਂ ਹੁੰਦੀਆਂ ਹਨ ?

(ਅ) ਪੈਦਲ ਚੱਲਣ ਵਾਲ਼ਿਆਂ ਲਈ ਸੜਕ ਪਾਰ ਕਰਨ ਵਾਸਤੇ ਕਿਹੜਾ ਨਿਸ਼ਾਨ ਬਣਿਆ ਹੁੰਦਾ ਹੈ ?

(ੲ) ਇਸ ਕਵਿਤਾ ਵਿੱਚ ਪਹਿਰੇਦਾਰ ਕਿਸ ਨੂੰ ਕਿਹਾ ਗਿਆ ਹੈ ?

**2. ਮਿਲ਼ਾਨ ਕਰੋ:-**

(ੳ) ਲਾਲ ਬੱਤੀ : ਚੱਲੋ

(ਅ) ਪੀਲ਼ੀ ਬੱਤੀ : ਰੁਕੋ

(ੲ) ਹਰੀ ਬੱਤੀ : ਦੇਖੋ

**3. ਹੇਠ ਲਿਖੇ ਪੰਜਾਬੀ ਭਾਸ਼ਾ ਦੇ ਸ਼ਬਦਾਂ ਨੂੰ ਦੇਵਨਾਗਰੀ ਵਿੱਚ ਲਿਖੋ :-**

(ੳ) ਚੁਰਸਤਾ :

(ਅ) ਨੇਮ :

(ੲ) ਦੋਸਤ :

(ਸ) ਲੋਕ :

**4. ਹੇਠ ਲਿਖੀਆਂ ਸਤਰਾਂ ਨੂੰ ਸੁੰਦਰ ਕਰਕੇ ਲਿਖੋ :-**

ਲਾਲ ਰੰਗ ਦੀ ਬੱਤੀ ਆਖੇ,
ਇੱਥੇ ਹੀ ਰੁਕ ਜਾਓ।
ਤਿਆਰ ਰਹਿਣ ਲਈ ਆਖੇ ਪੀਲ਼ੀ,
ਹਰੀ ਕਹੇ ਤੁਰ ਜਾਓ ।

*****

## ਪਾਠ 13

# ਮੇਰੀ ਪਹਿਲੀ ਕਮਾਈ



**ਛਿਮਾਹੀ** ਇਮਤਿਹਾਨ ਤੋਂ ਪਿੱਛੋਂ ਸਕੂਲ ਵਿੱਚ ਕੁਝ ਦਿਨਾਂ ਦੀਆਂ ਛੁੱਟੀਆਂ ਹੋ ਗਈਆਂ। ਮੇਰੇ ਉਹ ਦਿਨ ਵਿਹਲੇ ਸਨ। ਇਕ ਦਿਨ ਮੈਂ ਖੱਟੀਆਂ-ਮਿੱਠੀਆਂ ਗੋਲ਼ੀਆਂ ਲੈਣ ਬਜ਼ਾਰ ਚਲਿਆ ਗਿਆ। ਉਹ ਗੋਲ਼ੀਆਂ ਪਸਾਰੀ ਦੀ ਹੱਟੀ ਤੋਂ ਮਿਲ਼ਦੀਆਂ ਸਨ।

ਜਦੋਂ ਮੈਂ ਉੱਥੇ ਪਹੁੰਚਿਆ ਤਾਂ ਹੱਟੀ ਉੱਤੇ ਕੋਈ ਖਲੋਤਾ ਹੋਇਆ ਸੀ। ਹੱਟੀ ਵਾਲ਼ਾ ਉਸ ਆਦਮੀ ਕੋਲ਼ੋਂ ਸੌਦਾ-ਪੱਤਾ ਪਾਉਣ ਲਈ ਲਿਫ਼ਾਫ਼ੇ ਖ਼ਰੀਦ ਰਿਹਾ ਸੀ। ਉਹਨਾਂ ਆਪਸ ਵਿੱਚ ਕੁਝ ਸੌਦੇਬਾਜ਼ੀ ਕੀਤੀ। ਭਾਅ ਤੈਅ ਹੋ ਗਿਆ ਤਾਂ ਦੁਕਾਨਦਾਰ ਨੇ ਉਸ ਆਦਮੀ ਕੋਲ਼ੋਂ ਇੱਕ ਥੱਬਾ ਲਿਫ਼ਾਫ਼ਿਆਂ ਦਾ ਲੈ ਲਿਆ।

ਉਹ ਆਦਮੀ ਲਿਫ਼ਾਫਿਆਂ ਦੀ ਤੈਅ ਕੀਮਤ ਲੈ ਕੇ ਚਲਿਆ ਗਿਆ।

ਹੱਟੀ ਵਾਲ਼ੇ ਨੇ ਮੇਰੇ ਵੱਲ ਧਿਆਨ ਮੋੜਿਆ। ਉਸ ਨੇ ਲਿਫ਼ਾਫਿਆਂ ਦੇ ਉਸੇ ਥੱਬੇ ਵਿੱਚੋਂ ਇੱਕ ਲਿਫ਼ਾਫ਼ਾ ਚੁੱਕਿਆ ਤੇ ਮੇਰੇ ਪੈਸਿਆਂ ਦੇ ਮੁੱਲ ਦੀਆਂ ਖੱਟੀਆਂ-ਮਿੱਠੀਆਂ ਗੋਲ਼ੀਆਂ ਗਿਣ ਕੇ ਉਸ ਲਿਫ਼ਾਫੇ ਵਿੱਚ ਪਾ ਦਿਤੀਆਂ।

ਘਰ ਤੱਕ ਪਹੁੰਚਦਿਆਂ ਮੈਂ ਅੱਧੀਆਂ ਕੁ ਗੋਲ਼ੀਆਂ ਮੁਕਾ ਲਈਆਂ। ਦੁਪਹਿਰ ਤੱਕ ਲਿਫ਼ਾਫ਼ਾ ਖ਼ਾਲੀ ਹੋ ਗਿਆ।

ਮੈਂ ਬੇਧਿਆਨੀ ਵਿੱਚ ਲਿਫ਼ਾਫ਼ੇ ਦੇ ਜੋੜ ਖੋਲ੍ਹਣ ਲੱਗ ਪਿਆ ਤੇ ਫਿਰ ਖ਼ਾਲੀ ਲਿਫ਼ਾਫ਼ਾ ਗੁੱਛਾ-ਮੁੱਛਾ ਕਰਕੇ ਪਰ੍ਹਾਂ ਸੁੱਟ ਦਿਤਾ।

ਅਚਾਨਕ ਮੈਨੂੰ ਖ਼ਿਆਲ ਆਇਆ ਕਿ ਮੈਂ ਵੀ ਇਹੋ-ਜਿਹਾ ਲਿਫ਼ਾਫ਼ਾ ਬਣਾ ਸਕਦਾ ਸਾਂ। ਮੇਰੇ ਕੋਲ਼ ਕਈ ਕਾਪੀਆਂ ਪਈਆਂ ਹੋਈਆਂ ਸਨ। ਉਹ ਕਾਪੀਆਂ ਸਕੂਲ ਦੇ ਕੰਮ ਨਾਲ਼ ਭਰ ਗਈਆਂ ਸਨ। ਹੁਣ ਮੈਨੂੰ ਉਹਨਾਂ ਕਾਪੀਆਂ ਦੀ ਲੋੜ ਨਹੀਂ ਸੀ। ਉਹਨਾਂ ਕਾਪੀਆਂ ਦੇ ਕਾ.ਗਜ਼ ਲਿਫ਼ਾਫ਼ੇ ਬਣਾਉਣ ਦੇ ਕੰਮ ਆ ਸਕਦੇ ਸਨ।

ਮੈਂ ਚੌਂਕੇ ਵਿੱਚੋਂ ਪੀੜ੍ਹੀ ਲਿਆ ਕੇ ਬਰਾਮਦੇ ਵਿੱਚ ਰੱਖ ਲਈ ਤੇ ਉੱਥੇ ਹੀ ਭੁੰਜੇ ਪੁਰਾਣੀਆਂ ਕਾਪੀਆਂ ਦੀ ਢੇਰੀ ਲਾ ਦਿੱਤੀ।

ਪੀੜ੍ਹੀ ਉੱਤੇ ਬਹਿ ਕੇ ਮੈਂ ਕਾਪੀਆਂ ਉਧੇੜਨ ਲੱਗ ਪਿਆ।

ਮਾਂ ਉਧਰੋਂ ਲੰਘੀ ਤਾਂ ਉਹਨੇ ਪੁੱਛਿਆ, "ਬੀਰ! ਇਹ ਕੀ ਕਰ ਰਿਹਾ ਏ ?"

"ਪੁਰਾਣੀਆਂ ਕਾਪੀਆਂ ਦੇ ਕਾ.ਗਜ਼ ਨਾਲ਼ ਲਿਫ਼ਾਫ਼ੇ ਬਣਾਉਣ ਲੱਗਾ ਵਾਂ, ਮਾਂ !" ਮੈਂ ਦੱਸਿਆ।

ਮਾਂ ਮੁਸਕਰਾਈ, "ਕਾ.ਗਜ਼ਾਂ ਨੂੰ ਜੋੜੇਂਗਾ ਕਾਹਦੇ ਨਾਲ਼ ?"

ਮੈਂ ਤਾਂ ਇਹ ਸੋਚਿਆ ਹੀ ਨਹੀਂ ਸੀ ।

ਮਾਂ ਨੇ ਕਿਹਾ, "ਮੈਂ ਤੈਨੂੰ ਲੇਵੀ ਬਣਾ ਦੇਨੀਂ ਆਂ। "

"ਠੀਕ ਐ, ਮਾਂ। "

ਮੈਂ ਮੁੜ ਕਾਪੀਆਂ ਉਧੇੜਨ ਦੇ ਕੰਮ ਵਿੱਚ ਰੁੱਝ ਗਿਆ।

ਮਾਂ ਲੇਵੀ ਬਣਾ ਕੇ ਇਕ ਬਾਟੀ ਵਿੱਚ ਮੇਰੇ ਅੱਗੇ ਧਰ ਗਈ।

ਲੇਵੀ ਨੀਲੇ ਰੰਗ ਦੀ ਸੀ।

"ਲੇਵੀ ਨੀਲੇ ਰੰਗ ਦੀ ਕਿਉਂ ਐ ?" ਮੈਂ ਪੁੱਛਿਆ।

ਮਾਂ ਰੁਕ ਕੇ ਬੋਲੀ, "ਲੇਵੀ ਵਿੱਚ ਮੈਂ ਨੀਲਾ ਥੋਥਾ ਜੂ ਪਾਇਐ ।" ਨੀਲਾ ਥੋਥਾ ਪਾਉਣ ਨਾਲ਼ ਜੋੜੇ ਹੋਏ ਕਾ.ਗਜ਼ਾਂ ਨੂੰ ਨਾ ਟਿੱਡੀਆਂ ਟੁੱਕਦੀਆਂ ਨੇ ਤੇ ਨਾ ਹੀ ਚੂਹੇ ਕੁਤਰਦੇ ਨੇ।"

ਮਾਂ ਨੂੰ ਇਹੋ -ਜਿਹੀਆਂ ਹੋਰ ਵੀ ਬਹੁਤ ਸਾਰੀਆਂ ਗੱਲਾਂ ਦਾ ਪਤਾ ਸੀ।

ਮੈਂ ਡੱਡੀਆਂ-ਮੱਛੀਆਂ ਵਾਲ਼ਾ ਖ਼ਾਲੀ ਲਿਫ਼ਾਫ਼ਾ ਚੁੱਕ ਕੇ ਅੱਗੇ ਧਰ ਲਿਆ। ਉਸੇ ਲਿਫ਼ਾਫ਼ੇ ਨੂੰ

ਵੇਖ-ਵੇਖ ਕੇ ਮੈਂ ਕਾਗ਼ਜ਼ ਨੂੰ ਮੋੜਨ ਅਤੇ ਜੋੜਨ ਲੱਗ ਪਿਆ। ਸ਼ੁਰੂ ਵਿੱਚ ਮੈਂ ਗ਼ਲਤੀਆਂ ਵੀ ਕੀਤੀਆਂ ਪਰ ਬਾਅਦ ਵਿੱਚ ਮੈਂ ਇੰਨ-ਬਿੰਨ ਠੀਕ ਲਿਫ਼ਾਫ਼ਾ ਬਣਾ ਲਿਆ।

ਦੋ ਦਿਨਾਂ ਵਿੱਚ ਮੈਂ ਸੌ ਤੋਂ ਵੀ ਵੱਧ ਲਿਫ਼ਾਫ਼ੇ ਬਣਾ ਲਏ। ਉਹਨਾਂ ਵਿਚੋਂ ਮੈਂ ਸੌ ਚੰਗੇ ਲਿਫ਼ਾਫ਼ੇ ਚੁਣ ਕੇ ਦੱਥੀ ਬਣਾ ਲਈ।

ਮੈਂ ਦੱਥੀ ਉਸੇ ਹੱਟੀ ਉੱਤੇ ਲੈ ਗਿਆ, ਜਿਥੋਂ ਮੈਂ ਖੱਟੀਆਂ-ਮਿੱਠੀਆਂ ਗੋਲ਼ੀਆਂ ਖ਼ਰੀਦੀਆਂ ਸਨ।

ਹੱਟੀ ਵਾਲ਼ੇ ਨੇ ਕੋਰਾ ਜਵਾਬ ਦੇ ਦਿਤਾ, "ਮੇਰੇ ਕੋਲ਼ ਤਾਂ ਪਹਿਲੋਂ ਹੀ ਬਹੁਤ ਲਿਫ਼ਾਫ਼ੇ ਪਏ ਹੋਏ ਨੇ। ਮੈਨੂੰ ਹੋਰ ਲਿਫ਼ਾਫ਼ੇ ਨਹੀਂ ਚਾਹੀਦੇ।"

ਮੇਰਾ ਉਤਸ਼ਾਹ ਮੱਠਾ ਪੈ ਗਿਆ। ਫੇਰ ਸੋਚਿਆ, ਲਿਫ਼ਾਫ਼ਿਆਂ ਦੀ ਲੋੜ ਤਾਂ ਹਰ ਦੁਕਾਨਦਾਰ ਨੂੰ ਹੁੰਦੀ ਹੋਊ। ਕਿਉਂ ਨਾ ਕਿਸੇ ਹੋਰ ਨੂੰ ਪੁੱਛ ਵੇਖਾਂ !

ਕੁੱਝ ਦੁਕਾਨਾਂ ਦਾ ਗੇੜਾ ਲਾਉਣ ਪਿੱਛੋਂ ਇਕ ਦੁਕਾਨਦਾਰ ਲਿਫ਼ਾਫ਼ੇ ਖ਼ਰੀਦਣੇ ਮੰਨ ਗਿਆ।

ਮੈਂ ਲਿਫ਼ਾਫ਼ਿਆਂ ਦਾ ਥੱਬਾ ਉਹਦੇ ਵੱਲ ਕਰ ਦਿੱਤਾ।

"ਕਿੰਨੇ ਨੇ ਲਿਫ਼ਾਫ਼ੇ ?" ਉਸ ਪੁੱਛਿਆ।

"ਸੌ।"

ਉਹਨੇ ਕੁਝ ਲਿਫ਼ਾਫ਼ੇ ਪਰਖੇ ਤੇ ਬੋਲਿਆ, "ਏਨੇ ਵਧੀਆ ਨਹੀਂ ਬਣੇ ਹੋਏ। ਕਾਪੀ ਦੀਆਂ ਸੂਈਆਂ ਵਾਲ਼ੀਆਂ ਥਾਵਾਂ ਤੋਂ ਪਾਟੇ ਹੋਏ ਨੇ। ਮੈਂ ਇਹਨਾਂ ਲਿਫ਼ਾਫ਼ਿਆਂ ਵਿੱਚ ਪੀਸੀਆਂ ਹੋਈਆਂ ਵਸਤਾਂ ਨਹੀਂ ਪਾ ਸਕਦਾ।"

ਮੈਂ ਨਿੰਮੋਝੂਣਾ ਹੋਇਆ ਲਿਫ਼ਾਫ਼ੇ ਚੁੱਕ ਕੇ ਪਰਤਣ ਲੱਗਾ ਤਾਂ ਉਹ ਮੁੜ ਬੋਲਿਆ, " ਮੈਂ ਇਹਨਾਂ ਲਿਫ਼ਾਫ਼ਿਆਂ ਦਾ ਵੱਧ ਤੋਂ ਵੱਧ ਇੱਕ ਰੁਪਈਆ ਦੇ ਸਕਦਾ ਵਾਂ !"

"ਇੱਕ ਰੁਪਈਆ !" ਮੈਨੂੰ ਯਕੀਨ ਨਹੀਂ ਸੀ ਆ ਰਿਹਾ। ਇੱਕ ਰੁਪਈਆ ਤਾਂ ਵੱਡੀ ਰਾਸ਼ੀ ਸੀ। ਮੈਂ ਲਿਫ਼ਾਫ਼ੇ ਮੁੜ ਉਹਦੇ ਸਾਹਵੇਂ ਧਰ ਦਿਤੇ।

ਉਹਨੇ ਗੱਲੇ ਵਿੱਚੋਂ ਇੱਕ ਰੁਪਈਆ ਕੱਢ ਕੇ ਮੈਨੂੰ ਫੜਾ ਦਿਤਾ।

ਉਹ ਇੱਕ ਰੁਪਈਆ ਮੇਰੀ ਉਮਰ ਦੀ ਪਹਿਲੀ ਕਮਾਈ ਸੀ ਤੇ ਸਭ ਤੋਂ ਵੱਡੀ ਵੀ। ਉਸ ਤੋਂ ਪਿਛੋਂ ਤਾਂ ਵੱਡੀਆਂ-ਵੱਡੀਆਂ ਕਮਾਈਆਂ ਵੀ ਹੋਈਆਂ ਪਰ ਇਹ ਸਾਰੀਆਂ ਰਕਮਾਂ ਉਸ ਇੱਕ ਰੁਪਏ ਦੇ ਸਾਹਵੇਂ ਨਿੱਕੀਆਂ ਹੀ ਦਿਸਦੀਆਂ ਰਹੀਆਂ ਨੇ।

## ਪਾਠ-ਅਭਿਆਸ

**1. ਦੱਸੋ :-**

ੳ) ਲੇਖਕ ਨੇ ਪਸਾਰੀ ਦੀ ਹੱਟੀ ਤੋਂ ਕੀ ਖ਼ਰੀਦਿਆ ?

ਅ) ਲੇਖਕ ਨੂੰ ਲਿਫ਼ਾਫ਼ੇ ਬਣਾਉਣ ਲਈ ਲੇਵੀ ਕਿਸ ਨੇ ਬਣਾ ਕੇ ਦਿੱਤੀ ?

ੲ) ਲੇਖਕ ਨੇ ਲਿਫ਼ਾਫ਼ੇ ਵੇਚ ਕੇ ਕਿੰਨੇ ਪੈਸੇ ਕਮਾਏ ?

**2. ਢੁਕਵੇਂ ਸ਼ਬਦ ਲੱਭ ਕੇ ਖ਼ਾਲੀ ਸਥਾਨ ਭਰੋ :-**

ੳ) ਇੱਕ ਦਿਨ ਮੈਂ ________ ਗੋਲ਼ੀਆਂ ਲੈਣ ਬਜ਼ਾਰ ਚਲਿਆ ਗਿਆ।

ਅ) ਖ਼ਾਲੀ ਲਿਫ਼ਾਫ਼ਾ ___________ ਕਰਕੇ ਪਰ੍ਹਾਂ ਸੁੱਟ ਦਿੱਤਾ।

ੲ) ਦੋ ਦਿਨਾਂ ਵਿੱਚ ਮੈਂ _______ ਤੋਂ ਵੀ ਵੱਧ ਲਿਫ਼ਾਫ਼ੇ ਬਣਾ ਲਏ।

ਸ) ਮੈਂ ___________ ਹੋਇਆ ਲਿਫ਼ਾਫ਼ੇ ਚੁੱਕ ਕੇ ਪਰਤਣ ਲੱਗਾ।

**3. ਹੇਠ ਦਿਤੇ ਗੁਰਮੁਖੀ ਅਤੇ ਦੇਵਨਾਗਰੀ ਸ਼ਬਦ-ਜੋੜਾਂ ਦੇ ਅੰਤਰ ਨੂੰ ਸਮਝੋ ਅਤੇ ਗੁਰਮੁਖੀ ਵਿੱਚ ਲਿਖੇ ਸ਼ਬਦਾਂ ਨੂੰ ਦੇਵਨਾਗਰੀ ਵਿੱਚ ਲਿਖੋ :-**

(ੳ) ਛੁੱਟੀਆਂ

(ਅ) ਕਾਪੀਆਂ

(ੲ) ਕਾਗਜ਼

(ਸ) ਉਧੇੜਨ

(ਹ) ਬਾਅਦ ਵਿੱਚ

*****